# ਅੰਮ੍ਰਿਤ ਕੀਰਤਨ


ਅਕਤੂਬਰ 2012




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

harpritnaz@gmail.com

ਮੁੱਲ 15/-



# ਪੈਂਤੀ ਅੱਖਰੀ–ਕਾਫ਼ੀਆਂ

## ਹ

ਹਰੀ ਨਾਮ ਨ ਕਬਹੂੰ ਲੀਤਾ,
ਇਤਨੀ ਉਮਰ ਗੁਜ਼ਾਰੀ ਹੂ।

ਖਾਂਦੇ ਪੀਂਦੇ ਹੱਸਦੇ ਹੱਸਦੇ,
ਭੁਲਿਆ ਨਾਮ ਮੁਰਾਰੀ ਹੂ।

ਵਸਤੂ ਦਿੱਤੀਆਂ ਰੱਬ ਸਾਂਈਂ ਨੇ,
ਗਿਣਤੀ ਹੋਇ ਨ ਸਾਰੀ ਹੂ।

ਸ਼ੁਕਰ ਸਾਂਈਂ ਸੰਤੋਖ ਨ ਕੀਤਾ,
ਜਿੱਤ ਕੇ ਬਾਜ਼ੀ ਹਾਰੀ ਹੂ।

**ਪੁਸਤਕ –ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**



- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਚੰਦੇ ਦਾ ਵੇਰਵਾ
- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ



ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


# ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ 5

ਨਿਤਨੇਮ
ਕਰਮ ਸਿੰਘ ਰਤਨ 6

**ਸ਼੍ਰੋਮਣੀ ਰਾਗੀ : ਡਾ. ਜਾਗੀਰ ਸਿੰਘ**
**ਡਾ. ਕੰਵਲਜੀਤ ਸਿੰਘ** 12

ਤਬਲੇ ਦਾ ਤਾਹਿਰ-ਅਬਦੁਲ ਸਤਾਰ ਤਾਰੀ
ਬਲਬੀਰ ਸਿੰਘ ਕੰਵਲ, ਲੰਡਨ 16

**A GOLDEN CONCEPT**
**Dr. Tej Pal Singh Chawla** 17

**ਗੁਰਮਤਿ ਸੰਗੀਤ ਸਮਾਚਾਰ** 19

**Kirtan : Devotional Music Nourishes the Soul**
Dr. Jasjit Singh Walia 22

ਸੁਰ ਲਿਪੀ 26


ਟਾਈਟਲ ਕਵਰ : ਹਰਪ੍ਰੀਤ ਸਿੰਘ ਨਾਜ਼

# ✉ ਮਿਤ੍ਰ ਅਸਾਡੜੇ ਸੇਈ

I was clean shaven six moths back. After listening GURBANI KEERTAN I have come to know what my beloved GURU says REHAT PIYARI MUJH KO SIKH PYARA NAHIN.

Keertan has very deep impact on me and sometime I wanted to sing but couldn't. Mostly I enjoy KEERTAN in raagas. In search of classical KEERTAN i luckily encountered Amrit Kirtan site. What a commendable effort to promote GURBANI. After reading guestbook I got inspired to write this email.

Sir, I want to sing the glory of my beloved GURU and want to learn the KIRTAN in ragas and play Dilruba. Not to sing professionally but to praise the GURU.

Basically I am from vill. near Ropar. I am studying MBBS Bangalore and few months back I had visited Punjab during holidays and wanted to learn KIRTAN. I went to gurmat sangeet academy Anandpur Sahib and they said that they enroll students for 3years course and next session will commence in 2014. After search in net I come to know about academy of RANGILA ji soIi visited there also but they said that they don't have enough students for Tanti Saaj class. And in future they are planning to conduct classes for that. After much wandering I came to know of somebody and I took few classes & paid the fee but to my surprise they taught well for two classes & behaviour changes afterwards as if I just keep on paying him & if & ask something they didn't paid attention. After the whole scenario I felt very bad.

Now could you please help me with learning KIRTAN as I m not learning it for professional sake. But I want to learn from somebody who out of love for teaching will teach me & not for money. I promise to teach others whosoever will ask for it.

Regards

harjot singh

E-mail :ayeamgoggle@gmail.com

# ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ

## (ਇਕ ਪੁਰਾਣਾ ਸੰਪਾਦਕੀ)

ਭਾਈ ਗੁਰਦਾਸ ਜੀ ਦੇ ਕਬਿੱਤ ਦੀ ਪੂਰੀ ਪੰਗਤੀ ਹੈ:

ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ।

ਇਹ ਪੰਗਤੀ ਹਮੇਸ਼ਾ ਮੈਨੂੰ ਉਤਸ਼ਾਹਿਤ ਕਰਦੀ ਰਹੀ ਹੈ। ਮੇਰੇ ਇਕ ਅਧਿਆਪਕ ਨੇ ਇਸ ਦੇ ਅਰਥ ਕਰਦਿਆਂ ਦੱਸਿਆ ਸੀ ਕਿ ਇਸ ਦੇ ਅਰਥ ਇਹ ਵੀ ਹਨ ਕਿ ਜਦੋਂ ਤੁਸੀਂ ਸਤਿਗੁਰੂ ਦੇ ਰਾਹ 'ਤੇ ਚਲਦੇ ਹੋ ਭਾਵ ਕੋਈ ਚੰਗਾ ਕੰਮ ਕਰਨ ਦਾ ਜਤਨ ਕਰਦੇ ਹੋ ਤਾਂ ਸਤਿਗੁਰੂ ਕਈ ਹੋਰ ਐਸੇ ਸਾਧਨ ਬਣਾ ਦਿੰਦਾ ਹੈ ਜਿਹਨਾਂ ਨਾਲ ਤੁਹਾਨੂੰ ਉਹ ਕੰਮ ਵਿਚ ਸਫਲਤਾ ਮਿਲ ਸਕਦੀ ਹੈ।

ਪਿਛਲੇ ਅੰਕਾਂ ਵਿਚ ਅਸੀਂ ਇਕ ਸਮੱਸਿਆ ਦੇ ਹੱਲ ਸੰਬੰਧੀ ਪ੍ਰਸ਼ਨ ਆਪਣੇ ਪਾਠਕਾਂ ਅੱਗੇ ਰੱਖਿਆ ਸੀ। ਸਾਨੂੰ ਖੁਸ਼ੀ ਭਰੀ ਹੈਰਾਨੀ ਹੋਈ ਅਨੇਕਾਂ ਪਾਠਕਾਂ ਨੇ ਕਈ ਪ੍ਰਕਾਰ ਦੇ ਹੱਲ ਸੁਝਾਏ ਹਨ। ਸੱਚ ਮੁੱਚ ਹੀ ਗੁਰੂ ਆਪ ਅੱਗੇ ਹੋ ਕੇ ਸਹਾਇਤ ਕਰਦਾ ਹੈ। ਸੰਗਤ ਨੂੰ ਗੁਰੂ ਰੂਪ ਕਿਹਾ ਜਾਂਦਾ ਹੈ। ਸਾਡਾ ਪਾਠਕ ਵਰਗ ਵੀ ਤਾਂ ਸੰਗਤ ਹੀ ਹੈ। ਹੁਣ ਸਾਡਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਹੈ ਕਿ ਜੇ ਸਮੱਸਿਆ ਕਿਸੇ ਸਾਰਥਕ ਕਾਰਜ ਬਾਰੇ ਹੈ ਤਾਂ ਇਸ ਦਾ ਹੱਲ ਜ਼ਰੂਰ ਨਿਕਲੇਗਾ।

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥

ਸਤਿਗੁਰ ਤੁਮਰੇ ਕਾਜ ਸਵਾਰੇ॥

ਜਿਹੀਆਂ ਤੁਕਾਂ ਦੇ ਅਰਥ ਹੋਰ ਡੂੰਘੇਰੇ ਜਾਪਣ ਲੱਗ ਪਏ। ਇਸ ਲਈ ਆਪਣੇ ਪਾਠਕਾਂ ਅੱਗੇ ਸਾਡੀ ਬੇਨਤੀ ਹੈ ਕਿ ਉਹ ਆਪਣੀਆਂ ਨਿਜੀ, ਪਰਿਵਾਰਕ, ਸਮਾਜਕ, ਆਰਥਕ ਜਾਂ ਹੋਰ ਸਮੱਸਿਆਵਾਂ ਸਾਡੇ ਨਾਲ ਸਾਂਝੀਆਂ ਕਰਨ। ਅਸੀਂ ਗੁਰੂ (ਸੰਗਤ) ਅੱਗੇ ਉਹਨਾਂ ਨੂੰ ਹੱਲ ਕਰਨ ਲਈ ਅਰਦਾਸ ਕਰਾਂਗੇ। ਸਾਨੂੰ ਵਿਸ਼ਵਾਸ ਹੈ ਕਿ ਸਾਡੀ ਅਰਦਾਸ ਬਿਰਥੀ ਨਹੀਂ ਜਾਵੇਗੀ। ਸਾਡੀ ਸੰਗਤ ਵਿਚ ਅਜਿਹੇ ਸਫਲ ਅਤੇ ਤਜਰਬੇਕਾਰ ਵਿਅਕਤੀ ਸ਼ਾਮਲ ਹਨ ਜਿਹੜੇ ਦੂਜਿਆਂ ਦੀ ਸਹਾਇਤਾ ਕਰਨ ਲਈ ਤਤਪਰ ਰਹਿੰਦੇ ਹਨ। ਇਹਨਾਂ ਵਿਚ ਸਫਲ ਡਾਕਟਰ, ਸਫਲ ਵਪਾਰੀ, ਯੂਨੀਵਰਸਿਟੀਆਂ ਦੇ ਪ੍ਰੋਫੈਸਰ, ਸਿਆਸਤਦਾਨ, ਸਮਾਜ ਸੇਵੀ, ਆਈ. ਏ. ਐਸ., ਪੀ. ਸੀ. ਐੱਸ., ਮਿਲਟਰੀ ਦੇ ਅਫਸਰ, ਲੇਖਕ ਕਲਾਕਾਰ, ਸੰਗੀਤਕਾਰ ਆਦਿ ਸ਼ਾਮਲ ਹਨ। ਇਸ ਲਈ ਗੁਰੂ ਕਿਰਪਾ ਸਦਕਾ ਤੁਹਾਡੀ ਹਰ ਸਮੱਸਿਆ ਦਾ ਹੱਲ ਨਿਕਲੇਗਾ।

ਤੁਸੀਂ ਆਪਣੀ ਸਮੱਸਿਆ ਸਾਨੂੰ ਭੇਜਕੇ ਇਕ ਸਾਰਥਕ ਕਾਰਜ ਕਰ ਰਹੇ ਹੋਵੋਗੇ। ਇਸ ਨਾਲ ਜਿੱਥੇ ਤੁਹਾਡਾ ਭਲਾ ਹੋਵੇਗਾ ਉਥੇ ਇਹ ਮੈਗਜ਼ੀਨ ਹੋਰ ਪੜ੍ਹਨ ਵਾਲਿਆਂ ਅਨੇਕਾਂ ਨੂੰ ਲਾਭ ਪੁੱਜੇਗਾ। ਕਈਆਂ ਵਿਚ ਇਤਨਾ ਹੌਂਸਲਾ ਜਾਂ ਤਤਪਰਤਾ ਨਹੀਂ ਹੁੰਦੀ ਕਿ ਉਹ ਆਪਣੀ ਸਮੱਸਿਆ ਸਾਰਿਆਂ ਅੱਗੇ ਰਖ ਸਕਣ। ਕਈਆਂ ਵਿਚ ਇਕ ਖਾਸ ਪ੍ਰਕਾਰ ਦੀ ਝਿਜਕ ਹੁੰਦੀ ਹੈ ਕਈ ਆਪਣਾ ਦੁੱਖ ਕਿਸੇ ਨੂੰ ਦੱਸਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹਨ। ਮੈਗਜ਼ੀਨ ਵਿਚ ਸਮੱਸਿਆਵਾਂ ਦਾਹੱਲ ਛਾਪਣ ਨਾਲ ਉਹਨਾਂ ਦਾ ਵੀ ਭਲਾ ਹੋਣ ਦੀ ਸੰਭਾਵਨਾ ਹੈ।

ਤੁਸੀਂ ਆਪਣੀਆਂ ਸਮੱਸਿਆਵਾਂ ਚਿੱਠੀ ਰਾਹੀਂ, ਅੰਮ੍ਰਿਤ ਕੀਰਤਨ ਦੇ ਐਂਡਰੈਸ ਤੇ ਜਾਂ ਈ ਮੇਲ : drjagirsingh@gmail.com ਉੱਤੇ ਭੇਜ ਸਕਦੇ ਹੋ। ਸੋ ਆਓ। ਇਸ ਸਮਾਜ ਨੂੰ ਸੰਗੀਤ ਭਰਪੂਰ ਅਤੇ ਸੁਹਾਵਣਾ ਬਣਾਉਣ ਲਈ ਆਪਣਾ ਯੋਗਦਾਨ ਪਾਈਏ। ਤੁਹਾਡੇ ਹੁੰਗਾਰੇ ਦੀ ਉਡੀਕ ਵਿਚ

# ਨਿਤਨੇਮ

## ਕਰਮ ਸਿੰਘ ਰਤਨ

ਸਤਿਕਾਰਯੋਗ ਅਤੇ ਪਿਆਰੇ ਪਾਠਕ ਸੱਜਣੋਂ, ਸਭ ਤੋਂ ਪਹਿਲੇ, ਮੈਂ ਉਹਨਾਂ ਸਭ ਸੱਜਣਾਂ ਦਾ ਧੰਨਵਾਦ ਕਰਦਾ ਹਾਂ, ਜਿਹਨਾਂ ਸੱਜਣਾਂ ਨੇ ਮੇਰੀ ਹੌਂਸਲਾ ਅਫ਼ਜਾਈ ਕੀਤੀ ਹੈ, ਅਤੇ ਹੋਰ ਲਿਖਣ ਦੀ ਪ੍ਰੇਰਨਾ ਵੀ ਕੀਤੀ ਹੈ, ਨਹੀਂ ਤਾਂ ਪਾਠਕ ਸੱਜਣੋਂ ਸੱਚ ਜਾਣੋਂ, ਮੈਂ ਅੱਗੋਂ ਕੁਛ ਵੀ ਨਾ ਲਿਖਣ ਦਾ ਮਨ ਬਣਾ ਲਿਆ ਸੀ, ਵੈਸੇ ਖਾਸ ਕਰਕੇ ਬੰਬਈ ਦੇ ਕੁਛ ਸੱਜਣਾਂ ਨੇ ਮੈਨੂੰ ਜ਼ਿਆਦਾ ਪ੍ਰੇਰਤ ਕੀਤਾ ਹੈ ਅਤੇ ਦਿੱਲੀ ਤੋਂ ਅਤੇ ਅੰਮ੍ਰਿਤਸਰ ਤੋਂ ਵੀ ਕੁਝ ਫੋਨ ਆਏ ਸਨ। ਇਸ ਲਈ ਮੈਂ ਆਪ ਸਾਰੇ ਸੱਜਣਾਂ ਦੀ ਮੰਗ ਤੇ ਅੱਗੋਂ ਲਿਖਣ ਦਾ ਪ੍ਰੋਗਰਾਮ ਬਣਾਇਆ ਹੈ।

ਪਿਛਲੇ ਕੁਝ ਲੇਖ ਮੈਂ ਜੋ ਅੰਮ੍ਰਿਤ ਕੀਰਤਨ ਵਿਚ ਲਿਖੇ ਹਨ, ਜਿਹਨਾਂ ਵਿਚ (ਰਾਮ ਕਵੱਚ) ਅਪ੍ਰੈਲ 2012, (ਪਾਸੰਗ ਪਾਪ ਨ ਪੁਜਨੀ) ਜੂਨ 2012 ਅਤੇ (ਸਿਮਰਨ) ਜੁਲਾਈ 2012, ਇਹ ਲੇਖ ਪਾਠਕਾਂ ਨੇ ਪੜ੍ਹ ਕੇ ਬਹੁਤ ਸਾਰੇ ਸੱਜਣਾਂ ਨੇ ਮੈਨੂੰ ਫੋਨ ਕੀਤੇ ਹਨ ਅਤੇ ਮੇਰੇ ਲੇਖਾਂ ਦੀ ਪ੍ਰਸ਼ੰਸਾ ਵੀ ਕੀਤੀ ਹੈ। ਨਾਲੇ ਮੈਨੂੰ ਵਧਾਈਆਂ ਵੀ ਦਿੱਤੀਆਂ ਹਨ ਅਤੇ ਕੁਝ ਹੋਰ ਲਿਖਣ ਦੇ ਸੁਝਾਓ ਵੀ ਦਿੱਤੇ ਹਨ। ਕੁਝ ਸੱਜਣਾਂ ਨੇ ਨਿਤਨੇਮ ਬਾਰੇ ਲਿਖਣ ਨੂੰ ਕਿਹਾ ਹੈ। ਸੋ ਇਸ ਲਈ ਮੈਂ ਨਿਤਨੇਮ ਦੇ ਬਾਰੇ ਲਿਖ ਰਿਹਾ ਹਾਂ।

ਇਸ ਲਈ ਬੇਨਤੀ ਹੈ ਕਿ ਦਸੰਬਰ 2009 ਦੇ ਅੰਮ੍ਰਿਤ ਕੀਰਤਨ ਵਿਚ ਮੈਂ ਇਕ ਲੇਖ (ਅੰਮ੍ਰਿਤ ਵੇਲਾ) ਲਿਖਿਆ ਸੀ, ਉਸ ਲੇਖ ਵਿਚ ਮੈਂ ਨਿਤਨੇਮ ਦੇ ਸੰਬੰਧ ਵਿਚ ਵੀ ਲਿਖਿਆ ਸੀ, ਪਰ ਫਿਰ ਵੀ ਸੰਗਤਾਂ ਅਤੇ ਪਾਠਕਾਂ ਦੀ ਮੰਗ ਤੇ ਮੈਂ ਨਿਤਨੇਮ ਬਾਰੇ ਆਪਣੇ ਵੀਚਾਰ ਲਿਖਣ ਦੀ ਨਿਮਾਣੀ ਕੋਸ਼ਿਸ਼ ਕਰ ਰਿਹਾ ਹਾਂ।

ਨਿਤਨੇਮ ਦੀ ਮਰਿਯਾਦਾ ਦਾ ਜਿਥੋਂ ਤਕ ਸੰਬੰਧ ਹੈ, ਇਹ ਮੇਰੇ ਆਪਣੇ ਵੀਚਾਰ ਹਨ ਅਤੇ ਸੁਝਾਅ ਹਨ ਅਤੇ ਮੈਂ ਆਪਣੇ ਵੀਚਾਰ ਕਿਸੇ ਵੀ ਸੱਜਣ ਤੇ ਥੋਪਣਾ ਨਹੀਂ ਚਾਹੁੰਦਾ। ਪਰ ਇਹ ਵੀਚਾਰ ਮੈਂ ਗੁਰਮਤਿ ਅਨੁਸਾਰ ਹੀ ਲਿਖ ਰਿਹਾ ਹਾਂ।

ਗੁਰਮਤਿ ਮਰਿਯਾਦਾ ਉਹ ਹੈ, ਜੋ ਗੁਰੂ ਸਾਹਿਬਾਂ ਨੇ ਆਪ ਆਪਣੇ ਹੁੰਦਿਆਂ ਮਰਯਾਦਾ ਕਾਇਮ ਕੀਤੀ ਅਤੇ ਗੁਰਬਾਣੀ ਵਿਚ ਉਹ ਮਰਿਯਾਦਾ ਲਿਖ ਕੇ ਵੀ ਸਤਿਗੁਰ ਜੀ ਉਪਦੇਸ਼ ਦੇ ਗਏ ਹਨ। ਗੁਰੂ ਰਾਮਦਾਸ ਸਾਹਿਬ ਚੌਥੇ ਪਾਤਸ਼ਾਹ, ਰਾਗ ਗਉੜੀ ਦੀ ਵਾਰ ਵਿਚ ਗੁਰ ਸਿੱਖ ਦੇ ਨਿੱਤ ਕਰਮ ਦੀ ਮਰਯਾਦਾ ਦਾ ਹੁਕਮ ਕਰ ਗਏ ਹਨ। ਸਤਿਗੁਰ ਜੀ ਫੁਰਮਾਨ ਕਰਦੇ ਹਨ (ਮਹਲਾ 4 ਪੰਨਾ 305)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠ ਹਰਿ ਨਾਮ ਧਿਆਵੈ / ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ/ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ, ਸਭ ਕਿਲਵਿਖ ਪਾਪ ਦੋਖ ਲਹਿ ਜਾਵੈ/ ਫਿਰ ਚੜੈ ਦਿਵਸੁ ਗੁਰਬਾਣੀ ਗਾਵੈ, ਬਹਿਦਿਆਂ ਉਠਦਿਆਂ ਹਰਿ ਨਾਮ ਧਿਆਵੈ/ ਜੋ ਸਾਸੁ ਗਿਰਾਸੁ

ਧਿਆਏ ਮੇਰਾ ਹਰਿ ਹਰਿ, ਸੋ ਗੁਰ ਸਿਖੁ ਗੁਰੂ ਮਨਿ ਭਾਵੈ/ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰ ਸਿੱਖ ਗੁਰੁ ਉਪਦੇਸੁ ਸੁਣਾਵੈ/ ਜਨ ਨਾਨਕ ਧੂੜਿ ਮੰਗੈ ਤਿਸੁ ਗੁਰ ਸਿੱਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

ਅਰਥ - ਸਤਿਗੁਰ ਜੀ ਹੁਕਮ ਕਰ ਰਹੇ ਹਨ, ਜੋ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਂਦਾ ਹੈ, ਉਸ ਦੇ ਲਈ ਗੁਰ ਮਰਯਾਦਾ ਦਾ ਪਾਲਣ ਕਰਨਾ ਜ਼ਰੂਰੀ ਹੈ, ਅਗਰ ਉਹ ਗੁਰੂ ਦੇ ਹੁਕਮ ਤੇ ਚਲਦਾ ਹੈ, ਤਾਂ ਉਹ ਗੁਰਸਿੱਖ ਹੈ, ਨਹੀਂ ਤਾਂ ਮਨਮਤ ਹੈ ਤੇ ਉਹ ਪਾਖੰਡੀ ਹੈ। ਗੁਰੂ ਦਾ ਸਿੱਖ (ਭਲਕੇ ਉਠ ਹਰਿ ਨਾਮ ਧਿਆਵੈ) ਭਲਕੇ ਦਾ ਮਤਲਬ ਕਿ ਅਗਲੇ ਦਿਨ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਹਰੀ ਦਾ ਸਿਮਰਨ ਕਰੇ। ਮਤਲਬ ਅੰਮ੍ਰਿਤ ਵੇਲੇ ਉੱਠ ਕੇ 'ਅੰਮ੍ਰਿਤਸਰ ਨਾਵੈ, ਅਰਥਾਤ ਵਾਹਿਗੁਰੂ ਦੇ ਨਾਮ ਦੇ ਅੰਮ੍ਰਿਤ ਸਰੋਵਰ ਵਿਚ ਨਾਵੈ, ਅਤੇ ਗੁਰੂ ਦੇ ਉਪਦੇਸ਼ ਅਨੁਸਾਰ ਹਰੀ ਸਿਮਰਨ ਦਾ ਜਾਪ ਕਰੇ, ਇਹ ਸਿਮਰਨ ਕਰਨ ਨਾਲ, ਸਭ ਕਿਲਵਿਖ ਅਰਥਾਤ ਸਾਰੇ ਦੁੱਖ ਦਲਿਦਰ ਪਾਪ ਸਭ ਲਹਿ ਜਾਂਦੇ ਹਨ ਅਤੇ ਫਿਰ ਦਿਨ ਚੜ੍ਹਨ ਵੇਲੇ ਗੁਰਬਾਣੀ ਗਾਵੈ।ਮਤਲਬ ਕੀਰਤਨ ਕਰੇ ਅਤੇ ਹਰ ਵਕਤ ਬਹਿੰਦਿਆਂ-ਉਠਦਿਆਂ ਹਰੀ ਕਾ ਨਾਮ ਧਿਆਇ। ਸਤਿਗੁਰ ਜੀ ਕਹਿ ਰਹੇ ਹਨ. ਜੋ ਗੁਰਸਿੱਖ ਸਾਹ ਲੈਂਦਿਆਂ, ਖਾਂਣਾ ਗਿਰਾਹੀ ਖਾਂਦਿਆਂ ਹਰ ਵੇਲੇ ਸਿਮਰਨ ਕਰੇ, ਉਹ ਗੁਰਸਿੱਖ ਗੁਰੂ ਨੂੰ ਭਾਉਂਦਾ ਹੈ, ਚੰਗਾ ਲਗਦਾ ਹੈ ਅਤੇ ਸਿੱਖ ਗੁਰੂ ਨੂੰ ਚੰਗਾ ਲਗਦਾ ਹੈ। ਉਸ ਤੇ ਸਤਿਗੁਰ ਦਿਆਲ ਹੋ ਕੇ, ਗੁਰੂ ਉਸ ਨੂੰ ਉਪਦੇਸ਼ ਦਿੰਦਾ ਹੈ ਅਤੇ ਚੌਥੇ ਗੁਰੂ ਨਾਨਕ (ਗੁਰੂ ਰਾਮਦਾਸ) ਜੀ ਕਹਿ ਰਹੇ ਹਨ ਕਿ ਮੈਂ ਐਸੇ ਗੁਰਸਿੱਖਾਂ ਦੀ ਚਰਨ ਧੂੜ ਮੰਗਦਾ ਹਾਂ, ਜੋ ਆਪ ਵੀ ਨਾਮ ਜਪਦੇ ਹਨ ਅਤੇ ਹੋਰਨਾਂ ਨੂੰ ਵੀ ਨਾਮ ਜਪਾਉਂਦੇ ਹਨ।

ਭਾਈ ਸਾਹਿਬ ਭਾਈ ਗੁਰਦਾਸ ਜੀ ਨਿਤਨੇਮ ਦੇ ਸੰਬੰਧ ਵਿਚ ਇਕ ਪਉੜੀ 40 ਚਾਲੀਵੀਂ ਵਾਰ ਵਿਚ 11 ਗਿਰਾਰਵੀਂ ਪਉੜੀ ਉਚਾਰਦੇ ਹਨ:

ਗੁਰਸਿੱਖ ਭਲਕੇ ਉਠ ਕਰਿ, ਅੰਮ੍ਰਿਤ ਵੇਲੇ ਸਰੁ ਨਾਵੰਦਾ/ ਗੁਰ ਕੈ ਬਚਨ ਉਚਾਰ ਕੈ ਧਰਮਸਾਲ ਦੀ ਸੁਰਤ ਕਰੰਦਾ/ ਸਾਧ ਸੰਗਤ ਵਿਚ ਜਾਇ ਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ॥ ਸੰਕਾ ਮਨਹੁ ਮਿਟਾਇਕੈ, ਗੁਰ ਸਿੰਖਾਂ ਦੀ ਸੇਵ ਕਰੰਦਾ। ਕਿਰਤ ਵਿਰਤ ਕਰਿ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ। ਗੁਰ ਸਿੱਖਾਂ ਨੋ ਦੇਇ ਕਰਿ ਪਿੱਛੋਂ ਬਚਿਆ ਆਪ ਖਵੰਦਾ। ਕਲੀ ਕਾਲ ਪਰਗਾਸ ਕਰਿ, ਗੁਰ ਚੇਲਾ ਚੇਲਾ ਗੁਰ ਸੰਦਾ। ਗੁਰਮੁਖ ਗਾਡੀ ਰਾਹੁ ਚਲੰਦਾ।੧੧।

ਭਾਈ ਗੁਰਦਾਸ ਜੀ ਫੁਰਮਾ ਰਹੇ ਹਨ ਕਿ ਜੋ ਗੁਰੂ ਕਾ ਸਿੱਖ ਹੈ, ਉਹ ਅੰਮ੍ਰਿਤ ਵੇਲੇ ਉੱਠ ਕੇ ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਫਿਰ ਗੁਰੂ ਦੇ ਬਚਨਾਂ ਨੂੰ ਉਚਾਰ ਕੇ ਵੀਚਾਰ ਕੇ, ਫਿਰ ਧਰਮ ਸਾਲ ਯਾਨੀ ਗੁਰ ਦੁਆਰੇ ਦਾ ਧਿਆਨ ਕਰਦਾ ਹੈ ਤੇ ਗੁਰਦੁਆਰੇ ਸੰਗਤ ਵਿਚ ਜਾ ਕੇ, ਗੁਰਬਾਣੀ ਦਾ ਕੀਰਤਨ ਪ੍ਰੀਤ ਅਤੇ ਪ੍ਰੇਮ ਨਾਲ ਸੁਣਦਾ ਹੈ ਅਤੇ ਸਾਰੇ ਸ਼ੰਕੇ ਦੂਰ ਕਰ ਕੇ ਸਿੱਖਾਂ ਦੀ ਸੇਵਾ ਕਰਦਾ ਹੈ। ਗੁਰ ਸਿੱਖ ਧਰਮ ਦੀ ਕਿਰਤ ਕਰ ਕੇ ਉਸ ਕਮਾਈ ਵਿਚੋਂ ਰਾਸ਼ਨ ਲਿਆ ਕੇ ਸਿੱਖਾਂ ਦੀ ਪ੍ਰਸ਼ਾਦੇ ਨਾਲ ਸੇਵਾ ਕਰਦਾ ਹੈ। ਪ੍ਰਸ਼ਾਦੇ ਵਰਤਾਂਦਾ ਹੈ ਅਤੇ ਗੁਰੂ ਕੇ ਸਿੱਖਾਂ ਦੀ ਸੇਵਾ ਕਰ ਕੇ, ਉਹਨਾਂ ਨੂੰ ਖੁਆ ਕੇ ਬਾਦ ਵਿਚ ਜੋ ਬਚ ਜਾਏ ਉਹ ਆਪ ਖਾਂਦਾ ਹੈ। ਇਸ ਕਲਯੁਗ ਵਿਚ ਗੁਰੂ ਤੋਂ ਗਿਆਨ ਦਾ ਪ੍ਰਕਾਸ਼, ਚਾਨਣਾਂ ਲੈ ਕੇ, ਗੁਰੂ ਚੇਲਾ, ਤੇ ਚੇਲਾ ਗੁਰੂ ਦਾ ਰੂਪ ਹੋ ਜਾਂਦਾ ਹੈ ਅਤੇ ਜਿਸ ਤਰ੍ਹਾਂ ਗੱਡੀ ਆਪਣੀ ਲੀਹ ਆਪਣੀ ਸੜਕ ਤੇ ਸੌਖੀ ਚਲਦੀ ਹੈ, ਇਸੇ ਤਰ੍ਹਾਂ ਗੁਰਮੁਖ ਸਿੱਖ ਗੁਰੂ ਦੀ ਲੀਹ ਤੇ ਗੁਰ ਦੇ ਰਸਤੇ ਤੇ ਚਲਦਾ ਹੈ।

ਨਿਤਨੇਮ ਦੇ ਸੰਬੰਧ ਵਿਚ ਭਾਈ ਗੁਰਦਾਸ ਜੀ ਨੇ ਇਕ ਹੋਰ ਪਉੜੀ 'ਛੇਵੀ ਵਾਰ ਵਿਚ 3 ਤੀਜੀ,

ਪਉੜੀ ਲਿਖੀ ਹੈ (ਅੰਮ੍ਰਿਤ ਵੇਲੇ ਉਠਿ ਕੈ, ਜਾਇ ਅੰਦਰ ਦਰੀਆਇ ਨ੍ਹਵੰਦੇ। ਸਹਿਜ ਸਮਾਧਿ ਅਰਾਧਿ ਵਿਚਿ ਇਕ ਮਨਿ ਹੋਇ, ਗੁਰ ਜਾਪੁ ਜਪੰਦੇ। ਮਥੇ ਟਿਕੇ ਲਾਲ ਲਾਇ ਸਾਧ ਸੰਗਤਿ ਚਲਿ ਜਾਇ ਬਹੰਦੇ। ਸਬਦੁ ਸੁਰਤਿ ਲਿਵ ਲੀਣੁ ਹੋਇ, ਸਤਿਗੁਰ ਬਾਣੀ ਗਾਵਿ ਸੁਣੰਦੇ। ਭਾਇ ਭਗਤਿ ਭੈ ਵਰਤਮਾਨ, ਗੁਰ ਸੇਵਾ ਗੁਰਪੁਰਬ ਕਰੰਦੇ। ਸੰਝੈ ਸੋਦਰੁ ਗਾਵਣਾ, ਮਨ ਮੇਲੀ ਕਰਿ ਮੇਲਿ ਮਿਲੰਦੇ। ਰਾਤੀ ਕੀਰਤਿ ਸੋਹਿਲਾ, ਕਰਿ ਆਰਤੀ ਪਰਸਾਦ ਵੰਡੰਦੇ। ਗੁਰਮੁਖਿ ਸੁਖ ਫਲੁ ਰਿਪਮ ਚਖੰਦੇ॥3॥ ਇਸ ਸ਼ਬਦ ਵਿਚ ਵੀ ਭਾਈ ਗੁਰਦਾਸ ਜੀ ਨੇ ਸਿੱਖ ਦੇ ਨਿੱਤ ਕਰਮ ਦੀ ਗੱਲ ਆਖੀ ਹੈ ਕਿ ਗੁਰ ਸਿੱਖ ਅੰਮ੍ਰਿਤ ਵੇਲੇ ਉੱਠ ਕੇ ਦਰਿਆਵਾਂ ਆਦਿ ਦੇ ਇਸ਼ਨਾਨ ਕਰਦੇ ਹਨ ਅਤੇ ਫਿਰ ਸਹਿਜ ਸਮਾਧੀ ਵਿਚ ਜੁੜ ਕੇ ਇਕ ਮਨ ਹੋ ਕੇ ਗੁਰੂ ਦਾ ਜਾਪ ਕਰਦੇ ਹਨ। ਮੱਥੇ 'ਤੇ ਪ੍ਰੇਮ ਦੇ ਟਿੱਕੇ ਲਾ ਕੇ ਸਾਧ ਸੰਗਤ ਵਿਚ ਜਾਂਦੇ ਹਨ ਅਤੇ ਸ਼ਬਦ ਵਿਚ ਲੀਣ ਹੋ ਕੇ ਸਤਿਗੁਰ ਦੀ ਬਾਣੀ ਗਾਉਂਦੇ ਅਤੇ ਸੁਣਦੇ ਹਨ। ਪ੍ਰੇਮਾ ਭਗਤੀ ਵਿਚ ਆ ਕੇ ਵਰਤਮਾਨ ਸਮੇਂ ਗੁਰੂ ਕੇ ਪੁਰਬ ਜੋ ਆਉਂਦੇ ਹਨ, ਉਹ ਪੁਰਖ ਸੇਵਾ ਅਤੇ ਸਿਮਰਨ ਕਰ ਕੇ ਮਨਾਉਂਦੇ ਹਨ। ਮਨ ਨੂੰ ਪ੍ਰਭੂ ਨਾਲ ਮੇਲ ਕੇ ਸ਼ਾਮ ਨੂੰ ਸੋਦਰੁ ਗਾ ਕੇ ਰਹਿਰਾਸ ਦਾ ਪਾਠ ਕਰਦੇ ਹਨ। ਰਾਤ ਨੂੰ ਸੋਹਿਲਾ ਅਤੇ ਆਰਤੀ ਕਰ ਕੇ ਪਰਸ਼ਾਦ ਵੰਡਦੇ ਹਨ। ਏਹ ਗੁਰਮੁਖਿ ਲੋਕ, ਪ੍ਰਭੂ ਦੇ ਸੁੱਖਾਂ ਦਾ ਫਲ ਪ੍ਰੇਮ ਨਾਲ ਚੱਖਦੇ ਹਨ।

ਸੋ ਇਹ ਪੂਰੇ ਗੁਰਸਿੱਖ ਦੀ ਨਿਸ਼ਾਨੀ ਹੈ ਕਿ ਗੁਰੂ ਨੇ ਜੋ ਲੀਹਾਂ ਪਾ ਦਿੱਤੀਆਂ ਹਨ ਉਹਨਾਂ ਉੱਤੇ ਚੱਲਣ ਦੀ ਕੋਸ਼ਿਸ਼ ਕਰੇ, ਮਤਲਬ ਕਿ ਗੁਰੂ ਦਾ ਹੁਕਮ ਮੰਨ ਕੇ ਡਿਸਪਲਿਨ ਵਿਚ ਰਹੇ ਅਤੇ ਨਿਯਮ ਬੱਧ ਜੀਵਣ ਲਈ ਸਤਿਗੁਰ ਜੀ ਨੇ ਹਰ ਇਕ ਕੰਮ ਦੀ ਮਰਯਾਦਾ ਕਾਇਮ ਕੀਤੀ ਹੈ।

ਜਿਸ ਤਰ੍ਹਾਂ ਬ੍ਰਹਿਮੰਡ ਵਿਚ, ਸਾਰੇ ਗ੍ਰਹਿ ਨਛਤਰ ਆਪਣੀ ਗਤੀ ਅਤੇ ਸਮੇਂ ਅਨੁਸਾਰ ਚਲ ਰਹੇ ਹਨ ਅਤੇ ਇਹਨਾਂ ਦੀ ਚਾਲਾਂ ਤੋਂ ਹੀ ਗਤੀ ਅਤੇ ਤਾਲ ਦਾ ਜਨਮ ਹੋਇਆ ਹੈ, ਹਰ ਇਕ ਚੀਜ਼ ਲੈਅ ਵਿਚ ਅਤੇ ਸਮੇਂ ਵਿਚ ਹੀ ਚਲ ਰਹੀ ਹੈ, ਸੂਰਜ, ਚੰਦਰਮਾ, ਧਰਤੀ, ਗ੍ਰਹਿ, ਨਛਤਰ ਹੋਣਾ ਵੀ ਜ਼ਰੂਰੀ ਹੈ। ਕੋਈ ਗਾਉਣ ਵਾਲਾ ਬੰਦਾ ਸੁਰ ਤੋਂ ਬੇਸੁਰਾ ਹੋ ਜਾਏ ਤਾਂ ਕਈ ਵਾਰ ਕਈ ਲੋਕਾਂ ਨੂੰ ਪਤਾ ਨਹੀਂ ਲਗਦਾ, ਪਰ ਤਾਲ ਤੋਂ ਲੈਅ ਵਿਚੋਂ ਨਿਕਲ ਜਾਏ ਤਾਂ ਸਭ ਨੂੰ ਪਤਾ ਲਗ ਜਾਂਦਾ ਹੈ। ਜਿਸ ਤਰ੍ਹਾਂ ਪਾਗਲ ਮਨੁੱਖ ਨੂੰ ਲੋਕ ਬੇ-ਤਾਲਾ ਬਹਿ ਦੇਂਦੇ ਹਨ। ਇਹ ਜ਼ਿੰਦਗੀ ਦੇ ਤਾਲ ਵਿਚੋਂ ਖਿੜਕ ਗਿਆ ਹੈ, ਨਿਕਲ ਗਿਆ ਹੈ, ਸੋ ਲੈਅ ਵਿਚ ਅਤੇ ਡਿਸਪਲਿਨ ਵਿਚ ਰਹਿਣਾ ਹੀ ਜ਼ਿੰਦਗੀ ਹੈ। ਜਿਸ ਤਰ੍ਹਾਂ ਤਾਲ ਵਿਚ ਰਹਿਣਾ ਅਤੇ ਲੈਅ ਵਿਚ ਰਹਿਣਾ ਜ਼ਰੂਰੀ ਹੈ। ਇਸੇ ਤਰ੍ਹਾਂ ਸਮੇਂ ਦਾ ਰਾਗ ਗਾਉਣਾ ਜ਼ਰੂਰੀ ਹੈ। ਜਿਤਨੇ ਵੀ ਰਾਗ ਹਨ, ਭਾਵੇਂ ਉਹ ਗੁਰੂ ਗ੍ਰੰਥ ਸਾਹਿਬ ਦੇ ਰਾਗ ਹਨ, ਤੇ ਭਾਵੇਂ ਬਾਹਰ ਦੇ ਰਾਗ ਹਨ, ਹਰ ਇਕ ਰਾਗ ਗਾਉਣ ਦਾ ਸਮਾਂ ਨੀਅਤ ਹੈ, ਇਸੇ ਲਈ, ਗੁਰੂ ਸਾਹਿਬ ਨੇ ਆਸਾ ਦੀ ਵਾਰ ਦੇ ਕੀਰਤਨ ਦੀ ਮਰਯਾਦਾ ਅੰਮ੍ਰਿਤ ਵੇਲੇ ਕਾਇਮ ਕੀਤੀ ਹੈ, ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਅੰਮ੍ਰਿਤ ਵੇਲੇ ਰਾਤ 3 ਵਜੇ ਤੋਂ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ ਹੈ ਅਤੇ ਸੂਰਜ ਚੜ੍ਹਨ ਸਮੇਂ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਹੋ ਜਾਂਦੀ ਹੈ ਅਤੇ ਏਹੀ ਮਰਯਾਦਾ ਸਾਰੇ ਪੰਜੇ ਤਖਤਾਂ ਤੇ ਵੀ ਲਾਗੂ ਹੈ।

ਪਰ ਅਸੀਂ ਵੇਖਿਆ ਹੈ ਕਿ ਆਮ ਤੌਰ 'ਤੇ ਕਈ ਗੁਰਦੁਆਰਿਆਂ ਵਿਚ ਸੂਰਜ ਚੜ੍ਹਨ ਤੋਂ ਵੀ ਕਿਤਨਾ ਚਿਰ ਬਾਅਦ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੁੰਦਾ ਹੈ। ਕੀਰਤਨ ਤਾਂ ਦਿਨ ਚੜ੍ਹੇ ਸ਼ੁਰੂ ਹੁੰਦਾ ਹੈ ਤੇ ਰਾਗੀ ਸਿੰਘ ਪੜ੍ਹਦੇ ਪਏ ਹੁੰਦੇ ਹਨ (ਹਰਿ ਅੰਮ੍ਰਿਤ ਭਿੰਨੇ ਲੋਇਣਾ) ਅਤੇ ਕਈ ਰਾਗੀ ਸਿੰਘ ਕੀਰਤਨ ਦੇ ਸ਼ੁਰੂ ਪਹਿਲੇ ਸ਼ਬਦ ਪੜ੍ਹਦੇ ਹਨ (ਭਿੰਨੀ ਰੈਨੜੀਏ ਚਾਮਕਨਿ ਤਾਰੇ) ਸੋ ਭਿੰਨੀ ਰੈਨੜੀਏ ਤਾਂ ਅੰਮ੍ਰਿਤ ਵੇਲੇ ਹੁੰਦੀ ਹੈ ਤੇ ਅੰਮ੍ਰਿਤ ਵੇਲੇ ਹੁੰਦੀ ਹੈ ਤੇ ਅੰਮ੍ਰਿਤ ਵੇਲਾ ਤਾਂ ਅਸੀਂ ਗੁਆ ਲਿਆ ਤੇ ਦਿਨ ਚੜ੍ਹੇ (ਭਿੰਨੀ ਰੈਨੜੀਏ) ਯਾ (ਹਰਿ ਅੰਮ੍ਰਿਤ ਭਿੰਨੇ) ਪੜ੍ਹਨ ਦਾ

ਕੀ ਅਰਥ ਰਹਿ ਜਾਂਦਾ ਹੈ ਅਤੇ ਜੋ ਸਵੇਰ ਦੇ ਅੰਮ੍ਰਿਤ ਵੇਲੇ ਦੇ ਰਾਗ ਹਨ, ਰਾਗ ਆਸਾ, ਭੈਰਉ, ਅਹੀਰ ਭੈਰਉ, ਨੱਟ ਭੈਰਉ, ਬੈਰਾਗੀ ਭੈਰਉ, ਭਟਿਹਾਰ, ਗੁਨ ਕਲੀ, ਏਹ ਰਾਗ ਅੰਮ੍ਰਿਤ ਵੇਲੇ ਦੇ ਹਨ, ਅਸੀਂ ਇਹਨਾਂ ਰਾਗਾਂ ਨੂੰ ਦਿਨ ਚੜ੍ਹੇ ਗਾਇਨ ਕਰਦੇ ਹਾਂ, ਇਸ ਨੂੰ ਕਹਿੰਦੇ ਹਨ ਕਿ (ਵੇਲੇ ਦੀ ਨਿਮਾਜ਼ ਤੇ ਕੁਵੇਲੇ ਦੀਆਂ ਟੱਕਰਾਂ) ਇਹ ਮਿਸਾਲ ਇੰਝ ਬਣੀ ਹੈ ਕਿ ਮੁਸਲਮ ਧਰਮ ਵਿਚ ਪੰਜ ਨਿਮਾਜ਼ਾਂ ਦੇ ਵਕਤ, ਮੁਹੰਮਦ ਸਾ: ਜੀ ਨੇ ਕਾਇਮ ਕੀਤੇ ਹਨ, ਉਸ ਵਕਤ ਨੂੰ ਛੱਡ ਕੇ ਜੋ ਨਿਮਾਜ਼ ਪੜ੍ਹਦਾ ਹੇ, ਉਸ ਨੂੰ ਮੁਸਲਮ ਧਰਮ ਵਿਚ ਕਹਿੰਦੇ ਹਨ ਕਿ ਇਹ ਵਕਤ ਗੁਆ ਕੇ ਜੋ ਨਿਮਾਜ਼ ਪੜ੍ਹ ਰਿਹਾ ਹੈ, ਇਹ ਸਿਰਫ ਟੱਕਰਾਂ ਹੀ ਮਾਰ ਰਿਹਾ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਤਾਂ ਪੰਜ ਵਕਤ ਪ੍ਰਭੂ ਨੂੰ ਯਾਦ ਕਰਨ ਦੇ ਹੁਕਮ ਕੀਤਾ ਹੈ, ਪਰ ਸਿੱਖ ਨੂੰ ਤਾਂ ਸਤਿਗੁਰ ਜੀ ਨੇ ਦਸ ਵਕਤ ਹੀ ਹੁਕਮ ਕੀਤਾ ਹੈ, ਪਰ ਅਸੀਂ ਉਹ ਵੀ ਸਮੇਂ ਸਿਰ ਗੁਰਦੁਆਰੇ ਨਹੀਂ ਆਂਵਦੇ, ਜਿਹੜਾ ਵਕਤ ਸਤਿਗੁਰ ਨੇ ਕੀਰਤਨ ਦਾ ਨੀਯਤ ਕੀਤਾ ਹੈ ਉਸ ਸਮੇਂ ਕਈ ਗੁਰੂ ਘਰਾਂ ਵਿਚ ਵੇਖਿਆ ਹੈ ਕਿ ਸੰਗਤਾਂ ਉਸ ਸਮੇਂ ਪੰਜ ਬਾਣੀਆਂ ਦਾ ਪਾਠ ਨਿਤਨੇਮ ਅਤੇ ਜਾਂ ਸੁਖਮਨੀ ਦਾ ਪਾਠ ਕਰਦੇ ਪਏ ਹੁੰਦੇ ਹਨ ਅਤੇ ਕਈ ਗੁਰੂ ਘਰਾਂ ਵਿਚ ਆਸਾ ਦੀ ਵਾਰ ਦੇ ਕੀਰਤਨ ਤੋਂ ਪਹਿਲੇ ਸ਼ਬਦ ਦੀ ਕਥਾ ਹੁੰਦੀ ਹੈ। ਜਦ ਕਿ ਗੁਰ ਮਰਯਾਦਾ ਇਹ ਹੈ ਕਿ ਕਥਾ ਕੀਰਤਨ ਤੋਂ ਬਾਅਦ ਹੋਣੀ ਚਾਹੀਦੀ ਹੈ, ਅਸਲ ਵਿਚ ਕਈ ਸੰਗਤਾਂ ਜਾਂ ਪ੍ਰਬੰਧਕ ਆਪਣੀ ਮਰਜ਼ੀ ਅਨੁਸਾਰ ਜਾਂ ਆਪਣੀ ਸਹੂਲਤ ਅਨੁਸਾਰ ਨਿਯਮ ਬਣਾ ਲੈਂਦੇ ਹਨ ਤੇ ਉਸ ਨੂੰ (ਗੁਰ ਮਰਯਾਦਾ) ਦਾ ਨਾਮ ਦੇ ਦਿੰਦੇ ਹਨ। ਪਰ ਗੁਰ ਮਰਯਾਦਾ ਉਹ ਹੈ ਜੋ ਸਚਖੰਡ ਸ੍ਰੀ ਹਰਿ ਮੰਦਰ ਸਾਹਿਬ ਜਾਂ ਅਕਾਲ ਸਾਹਿਬ ਦੀ ਹੈ।

ਪੰਜ ਬਾਣੀਆਂ ਦਾ ਪਾਠ ਅਤੇ ਵਾਹਿਗੁਰੂ ਦਾ ਸਿਮਰਨ ਇਹ ਵਿਅਕਤੀਗਤ ਕਿਰਿਆ ਹੈ ਅਤੇ ਪੰਜ ਬਾਣੀਆਂ ਦਾ ਪਾਠ ਅਤੇ ਸਿਮਰਨ ਇਕੱਲੇ ਇਕਾਂਤ ਵਿਚ ਬੈਠ ਕੇ, ਅਕਾਲ ਪੁਰਖ ਦਾ ਧਿਆਨ ਧਰ ਕੇ ਕਰਨਾ ਚਾਹੀਦਾ ਹੈ, ਸਾਡੇ ਸਾਰੇ ਗੁਰੂ ਸਾਹਿਬਾਨ ਤੋਂ ਲੈ ਕੇ ਅਤੇ ਜਿਤਨੇ ਭਗਤ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਹਨ, ਕਿਸੇ ਦੇ ਇਕ ਦੇ ਬਾਰੇ ਵੀ ਕਦੇ ਕਿਸੇ ਨੇ ਇਕ ਵਾਰ ਵੀ ਪੜ੍ਹਿਆ ਹੈ ਕਿ ਉਹ ਸਾਡੇ ਵਾਂਗ ਸਪੀਕਰ ਲਾ ਕੇ ਰੌਲਾ ਪਾ ਕੇ ਭਗਤੀ ਕਰਦੇ ਸਨ? ਭਗਤੀ ਤਾਂ ਗੁਪਤ ਹੁੰਦੀ ਹੈ, ਜਿਹੜਾ ਅਸਲੀ ਭਗਤ ਹੁੰਦਾ ਹੈ ਉਹ ਤਾਂ ਕਿਸੇ ਨੂੰ ਪਤਾ ਹੀ ਨਹੀਂ ਲੱਗਣ ਦਿੰਦਾ ਕਿ ਮੈਂ ਭਗਤੀ ਕਰਦਾ ਹਾਂ। ਜਿਸ ਤਰ੍ਹਾਂ ਆਸ਼ਕ ਲੋਕ ਇਸਤਰੀ ਪੁਰਸ਼ ਆਪਣੀ ਆਸ਼ਕੀ ਪਿਆਰ ਛੁਪਾਂਦੇ ਹਨ ਅਤੇ ਕੋਸ਼ਿਸ਼ ਕਰਦੇ ਹਨ ਕਿ ਕਿਸੇ ਵੀ ਦੂਜੇ ਨੂੰ ਇਹ ਪਤਾ ਨਾ ਲੱਗੇ ਕਿ ਅਸੀਂ ਆਪਸ ਵਿਚ ਪ੍ਰੇਮ ਕਰਦੇ ਹਾਂ। ਇਸੇ ਤਰ੍ਹਾਂ ਭਗਤ ਵੀ ਆਪਣੀ ਭਗਤੀ ਛੁਪਾਉਂਦੇ ਹਨ। ਭਗਤ ਨਾਮਦੇਵ ਜੀ ਫੁਰਮਾਨ ਕਰਦੇ ਹਨ (ਜਿਨ ਹਰਿ ਪਾਇਓ ਤਿਨਹਿ ਛੁਪਾਇਓ) ਪਰ ਆਸ਼ਕਾਂ ਦੇ ਚਿਹਰੇ ਦੇ ਪ੍ਰਭਾਵ ਤੋਂ, ਉਹਨਾਂ ਦੇ ਵਿਵਹਾਰ ਤੋਂ ਦੂਜੇ ਲੋਕ ਸਮਝ ਲੈਂਦੇ ਹਨ ਕਿ ਇਹ ਦੋਵੇਂ ਪ੍ਰੇਮੀ ਹਨ। ਇਸੇ ਤਰ੍ਹਾਂ ਭਗਤਾਂ ਦੇ ਚਿਹਰੇ ਨੂੰ ਵੇਖ ਕੇ ਹੀ ਪਤਾ ਚਲ ਜਾਂਦਾ ਹੈ ਕਿ ਇਹ ਭਗਤ ਹੈ। ਪਰ ਅਸੀਂ ਤਾਂ ਗੁਰਦੁਆਰਿਆਂ ਤੇ ਚਾਰ ਚਾਰ ਪੰਜ ਪੰਜ ਸਪੀਕਰ ਲਾ ਕੇ ਅਤੇ ਬੜਾ ਰੌਲਾ ਪਾ ਕੇ, ਆਪਣੀ ਮਸ਼ਹੂਰੀ ਕਰਦੇ ਹਨ ਕਿ ਅਸੀਂ ਬੜੇ ਵੱਡੇ ਭਗਤ ਹਾਂ। ਮੈਂ ਵੇਖਿਆ ਹੈ ਕਿ ਕਈ ਵਾਰ ਅਜੀਤ ਅਖਬਾਰ ਇਕ ਮਸ਼ਹੂਰੀ ਪੜ੍ਹਨ ਨੂੰ ਮਿਲਦੀ ਹੈ ਕਿ ਅੱਜ ਫਲਾਣੇ ਗੁਰਦੁਆਰੇ ਵਿਚ ਸਿਮਰਨ ਅਭਿਆਸ ਕੀਤਾ ਗਿਆ ਹੈ ਤਾਂ ਕਿ ਸਾਰੀ ਦੁਨੀਆਂ ਨੂੰ ਪਤਾ ਲੱਗ ਜਾਵੇ। ਨਾਲੇ ਰੱਬ ਪ੍ਰਮਾਤਮਾ ਵੀ ਪੜ੍ਹ ਲਵੇ ਕਿ ਅਸੀਂ ਸਿਮਰਨ ਕੀਤਾ ਹੈ, ਜਿਵੇਂ ਈਸ਼ਵਰ ਦੇ ਸਿਰ ਅਸੀਂ ਅਹਿਸਾਨ ਕਰ ਰਹੇ ਹਾਂ ਕਿ ਅਸੀਂ ਭਗਤੀ ਕੀਤੀ ਹੈ ਤੇ ਉਸ ਨੂੰ ਦੱਸ ਰਹੇ ਹਾਂ।

ਪਾਠਕ ਸੱਜਣੋਂ ਮੁਆਫ ਕਰਨਾ, ਅਸੀਂ ਭੋਜਨ ਆਪਣੀ ਭੁੱਖ ਮਿਟਾਣ ਲਈ ਕਰਦੇ ਹਾਂ ਜਾਂ ਕਿ ਕਿਸੇ ਸਿਰ ਅਹਿਸਾਨ ਕਰਨ ਲਈ ਭੋਜਨ ਕਰਦੇ ਹਾਂ। ਇਸੇ ਤਰ੍ਹਾਂ ਸਿਮਰਨ ਅਸੀਂ ਆਪਣੇ ਵਾਸਤੇ ਕਰਦੇ ਹਾਂ ਤਾਂ ਕਿ ਸਿਮਰਨ ਕਰਨ ਨਾਲ ਸਾਡੇ ਦੁੱਖ ਕਲੇਸ਼ ਦੂਰ ਹ ਜਾਣ, ਜਿਸ ਤਰ੍ਹਾਂ ਭੋਜਨ ਆਪਣੀ ਭੁੱਖ ਮਿਟਾਣ ਲਈ ਕਰਦੇ

ਹਾਂ। ਇਸੇ ਤਰ੍ਹਾਂ ਸਿਮਰਨ ਵੀ ਆਪਣੇ ਕਸ਼ਟ ਮਿਟਾਉਣ ਲਈ ਜਾਂ ਪ੍ਰਭੂ ਨੂੰ ਪਾਉਣ ਲਈ ਕਰਨਾ ਹੈ ਤੇ ਅਖਬਾਰਾਂ ਵਿਚ ਸਿਮਰਨ ਦੀ ਮਸ਼ਹੂਰੀ ਦੇ ਕੇ ਕਿਸ ਨੂੰ ਦੱਸਦੇ ਹਾਂ, ਦੁਨੀਆਂ ਨੂੰ ਦੱਸਦੇ ਹਾਂ ਜਾਂ ਪਰਮਾਤਮਾ ਨੂੰ ਦੱਸਦੇ ਹਾਂ। ਇਸ ਦੇ ਸੰਬੰਧ ਵਿਚ ਕਬੀਰ ਜੀ ਕਹਿੰਦੇ ਹਨ (ਕਬੀਰ ਮਾਇਆ ਤਜੀ ਤਉ ਕਿਆ ਭਇਆ, ਜਉ ਮਾਨ ਤਜਿਆ ਨ ਜਾਇ। ਮਾਨ ਮੁਨੀ ਮੁਨਵਰਿ ਗਲੇ, ਮਾਨ ਸਭੈ ਕਉ ਖਾਇ) ਇਹ ਸਿਮਰਨ ਦੀ ਮਸ਼ਹੂਰੀ ਕਰ ਕੇ ਸਾਡੇ ਅੰਦਰ ਹੰਕਾਰ (ਮਾਣ) ਆ ਜਾਂਦਾ ਹੈ, ਇਹ ਸਭ ਪਾਖੰਡ ਹੈ, ਸਿਮਰਨ ਨਹੀਂ ਹੈ। ਸਿਮਰਨ ਕੀ ਹੈ, ਇਹ ਲੇਖ ਮੇਰਾ ਆਪ ਜੀ ਜੁਲਾਈ 2002 ਦੇ ਅੰਮ੍ਰਿਤ ਕੀਰਤਨ ਵਿਚ ਪੜ੍ਹ ਸਕਦੇ ਹੋ ਜੀ।

ਸੋ ਅਸਲ ਵਿਚ ਸਿੱਖ ਦਾ ਨਿਤਨੇਮ ਜੋ ਗੁਰੂ ਸਾਹਿਬ ਜੀ ਨੇ ਹੁਕਮ ਕੀਤਾ ਹੈ, ਉਹੀ ਨਿਤ ਕਰਮ ਹੋਣਾ ਚਾਹੀਦਾ ਹੈ ਕਿ ਗੁਰੂ ਦਾ ਸਿੱਖ ਅੰਮ੍ਰਿਤ ਵੇਲੇ ਰਾਤ ਦੇ ਪਿਛਲੇ ਪਹਿਰ ਉੱਠ ਕੇ ਅਤੇ ਇਸ਼ਨਾਨ ਕਰ ਕੇ ਘਰ ਬੈਠ ਕੇ ਪੰਜ ਬਾਣੀਆਂ (ਜਪ, ਜਾਪੁ, ਸਵੇਯੈ, ਬੇਨਤੀ ਚੌਪਈ, ਆਨੰਦ ਸਾਹਿਬ) ਇਹ ਪਾਠ ਇਕਾਂਤ ਵਿਚ ਬੈਠ ਕੇ ਧਿਆਨ ਲਾ ਕੇ ਕਰੇ ਅਤੇ ਫਿਰ ਵਾਹਿਗੁਰੂ ਜਾਪ ਇਕ ਮਨ ਹੋ ਕੇ ਕਰੇ, ਇਹ ਨੇਮ ਘਰ ਕਰ ਕੇ ਫਿਰ ਗੁਰਦੁਆਰੇ ਜਾ ਕੇ ਆਸਾ ਦੀ ਵਾਰ ਦਾ ਕੀਰਤਨ ਸੁਣੇ, ਪਰ ਅਸੀਂ ਵੇਖਦੇ ਹਾਂ ਕਿ ਅਸੀਂ ਆਪ ਤਾਂ ਸਵੇਰੇ ਅੰਮ੍ਰਿਤ ਵੇਲੇ ਉੱਠ ਨਹੀਂ ਸਕਦੇ ਤੇ ਗੁਰਦੁਆਰਿਆਂ ਦਾ ਨਿਤਨੇਮ ਲੇਟ ਕਰ ਲੈਂਦੇ ਹਾਂ, ਗੁਰੂ ਘਰ ਤੇ ਗੁਰੂ ਦੀ ਮਰਜ਼ੀ ਨਹੀਂ ਚਲਣ ਦੇਂਦੇ ਤੇ ਗੁਰੂ ਘਰ ਤੇ ਆਪਣੀ ਮਰਜ਼ੀ ਥੋਪ ਦਿੰਦੇ ਹਾਂ। ਇਹ ਗੁਰੂ ਦੇ ਹੁਕਮ ਦੀ ਉਲੰਘਣਾ ਹੈ।

ਜਿਸ ਤਰ੍ਹਾਂ ਰੇਲ, ਮੋਟਰਾਂ, ਜਹਾਜ਼ ਆਪਣੇ ਸਮੇਂ ਸਿਰ ਚਲਦੇ ਹਨ ਤੇ ਸਵਾਰੀਆਂ ਨੂੰ ਉਹਨਾਂ ਦੇ ਸਮੇਂ ਅਨੁਸਾਰ ਹੀ, ਬਸ ਸਟਾਪ ਜਾਂ ਰੇਲਵੇ ਸਟੇਸ਼ਨ ਜਾਂ ਏਅਰ ਪੋਰਟ ਤੇ ਪਹੁੰਚਣਾ ਪੈਂਦਾ ਹੈ ਅਤੇ ਜੇ ਕਰ ਰੇਲ, ਮੋਟਰ, ਜਹਾਜ਼ ਵਾਲੇ ਇਹ ਸੋਚਣ ਕਿ ਯਾਤਰੀ ਆਉਣਗੇ ਤਾਂ ਹੀ ਅਸੀਂ ਚਲਾਵਾਂਗੇ, ਫਿਰ ਤਾਂ ਏਹੀ ਹੋਵੇਗਾ ਜਿਵੇਂ ਗੁਰਦੁਆਰਿਆਂ ਦੀ ਮਰਯਾਦਾ ਅਸੀਂ ਵਿਗਾੜ ਛੱਡੀ ਹੈ ਇਵੇਂ ਹੀ ਰੇਲ ਮੋਟਰਾਂ ਤੇ ਜਹਾਜ਼ਾਂ ਦਾ ਹਸ਼ਰ ਹੋਵੇਗਾ।

ਇਕ ਹੋਰ ਗੱਲ ਮੈਂ ਆਮ ਗੁਰਦੁਆਰਿਆਂ ਵਿਚ ਵੇਖੀ ਹੈ ਕਿ ਸੰਗਤਾਂ ਸਵੇਰੇ ਪੰਜ ਬਾਣੀਆਂ ਦਾ ਪਾਠ ਕਰਕੇ ਤੇ ਅਰਦਾਸ ਕਰ ਕੇ ਪ੍ਰਸ਼ਾਦ ਲੈ ਕੇ ਘਰ ਚਲੀਆਂ ਜਾਂਦੀਆਂ ਹ ਅਤੇ ਜਦੋਂ ਗੁਰਦੁਆਰੇ ਕੋਈ ਬੰਦਾ ਨਹੀਂ ਕਰ ਰਹਿ ਜਾਂਦਾ। ਉਸ ਵੇਲੇ ਰਾਗੀ ਸਿੰਘਾਂ ਨੂੰ ਆਸਾ ਦੀ ਵਾਰ ਦੇ ਕੀਰਤਨ ਲਈ ਬਿਠਾ ਦਿੱਤਾ ਜਾਂਦਾ ਹੈ, ਜਿਸ ਵਕਤ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਉਸ ਵਕਤ ਗੁਰਦੁਆਰਾ ਹਾਲ ਵਿਚ ਕੋਈ ਬੰਦਾ ਨਹੀਂ ਹੁੰਦਾ, ਹਾਲ ਖਾਲੀ ਹੁੰਦਾ ਹੈ ਅਤੇ ਕੀਰਤਨ ਜਾਂ ਗੁਰੂ ਸਾਹਿਬ ਸੁਣਦੇ ਹੁੰਦੇ ਹਨ ਤੇ ਜਾਂ ਦਰੀਆਂ ਸੁਣਦੀਆਂ ਹੁੰਦੀਆਂ ਹਨ।ਜਦ ਕਿ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਦਸਮ ਪਾਤਸ਼ਾਹ ਤਕ ਸਭ ਗੁਰੂ ਸਾਹਿਬਾਂ ਨੇ ਕੀਰਤਨ ਨੂੰ ਹੀ ਪਹਿਲ ਦਿੱਤੀ ਹੈ ਅਤੇ ਸਾਰੇ ਗੁਰੂ ਸਾਹਿਬ ਆਪ ਖੁਦ ਸੰਗੀਤਕਾਰ ਸਨ ਤੇ ਆਪ ਕੀਰਤਨ ਕਰਦੇ ਸਨ ਅਤੇ ਗੁਰੂ ਸਾਹਿਬ ਜਿਹਨਾਂ ਸਾਜ਼ਾਂ ਨਾਲ ਕੀਰਤਨ ਕਰਦੇ ਸਨ, ਉਹ ਸਾਜ਼ ਅੱਜ ਵੀ ਸਿੱਖ ਅਜਾਇਬ ਘਰ ਵਿਚ ਮੌਜੂਦ ਹਨ। ਗੁਰੂ ਸਾਹਿਬਾਂ ਦੇ ਵੇਲੇ ਦੀ ਹੀ ਮਰਯਾਦਾ ਅਨੁਸਾਰ ਹੀ ਸ੍ਰੀ ਹਰਿ ਮੰਦਰ ਸਾਹਿਬ ਅਤੇ ਸਾਰੇ ਤਖਤਾਂ ਤੇ ਏਹੀ ਕੀਰਤਨ ਦੀ ਮਰਯਾਦਾ ਮੁੱਖ ਹੈ। ਪਰ ਗੁਰੂ ਕੇ ਸਿੱਖਾਂ ਨੇ ਗੁਰ ਮਰਯਾਦਾ ਨੂੰ ਇਕ ਪਾਸੇ ਰੱਖ ਕੇ ਕੀਰਤਨ ਦੇ ਸਮੇਂ ਪੰਜ ਬਾਣੀਆਂ ਦੇ ਪਾਠ ਤੇ ਸੁਖਮਨੀ ਦੇ ਪਾਠ ਨੂੰ ਮੁੱਖ ਰੱਖ ਲਿਆ ਹੈ ਅਤੇ ਕੀਰਤਨ ਉਸ ਵੇਲੇ ਕਰਦੇ ਹਾਂ, ਜਿਸ ਵੇਲੇ ਹਾਲ ਵਿਚ ਕੋਈ ਬੰਦਾ ਨਾ ਹੋਵੇ।

ਇਕ ਘਟਨਾ ਕਹਿ ਕੇ ਮੈਂ ਲੇਖ ਸਮਾਪਤ ਕਰ ਰਿਹਾ ਹਾਂ। ਸਤਿਗੁਰੂ ਦਸਮ ਪਾਤਸ਼ਾਹ ਜੀ ਦੇ ਦਰਬਾਰ ਵਿਚ ਸਵੇਰੇ ਇਕ ਸਿੱਖ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਉਧਰੋਂ ਕੀਰਤਨ ਦਾ ਸਮਾਂ ਹੋ ਗਿਆ ਅਤੇ ਰਾਗੀ ਸਿੰਘਾਂ ਨੇ ਆ ਕੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦਿੱਤਾ। ਜੋ ਪ੍ਰੇਮੀ ਪਾਠ ਕਰ ਰਿਹਾ ਸੀ ਉਸ ਨੇ ਦਸਮ ਪਾਤਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਸਤਿਗੁਰ ਜੀ ਸੁਖਮਨੀ ਸਾਹਿਬ ਦਾ ਪਾਠ ਹਾਲੇ ਪੂਰਾ

ਨਹੀਂ ਸੀ ਹੋਇਆ ਤੇ ਰਾਗੀ ਸਿੰਘਾਂ ਨੇ ਕੀਰਤਨ ਸ਼ੁਰੂ ਕਰ ਦਿੱਤਾ ਹੈ। ਸਤਿਗੁਰ ਜੀ ਨੇ ਉੱਤਰ ਦਿੱਤਾ ਕਿ ਪਾਠ ਕਰਨਾ ਇਸ ਤਰ੍ਹਾਂ ਹੈ ਜਿਵੇਂ ਜ਼ਿੰਮੀਦਾਰ ਖੂਹ ਤੋਂ ਹਰਟ ਨਾਲ ਪਾਣੀ ਕੱਢ ਕੇ ਆਪਣੇ ਖੇਤਾਂ ਨੂੰ ਸਿੰਜ ਰਿਹਾ ਹੋਵੇ ਤੇ ਕੀਰਤਨ ਇਸ ਤਰ੍ਹਾਂ ਹੈ ਜਿਵੇਂ ਬਾਰਿਸ਼ ਪੈਂਦੀ ਹੈ ਤਾਂ ਸਭ ਦੀ ਖੇਤੀ ਨੂੰ ਤੇ ਸਭ ਉੱਚੇ ਨੀਵੇਂ ਪਾਣੀ ਨਾਲ ਭਰ ਜਾਂਦੇ ਹਨ। ਹਰਟ ਨਾਲ ਖੂਹ ਦੇ ਪਾਣੀ ਨਾਲ ਸਿਰਫ ਇਕ ਬੰਦੇ ਦੇ ਖੇਤ ਭਰਦੇ ਹਨ ਪਰ ਬਾਰਿਸ਼ ਨਾਲ ਸਭ ਨੂੰ ਫਾਇਦਾ ਹੁੰਦਾ ਹੈ। ਸੋ ਗੁਰਮੁਖ ਪਾਠਕ ਸੱਜਣੋ ਕੀਰਤਨ ਦੀ ਅਹਿਮੀਅਤ ਨੂੰ ਸਮਝੋ ਅਤੇ ਸਹੀ ਮਰਯਾਦਾ ਨੂੰ ਅਪਣਾਉ। ਸਹੀ ਮਰਯਾਦਾ ਇਹੀ ਹੈ ਕਿ ਗੁਰੂ ਕਾ ਸਿੱਖ ਸਵਾ ਪਹਿਰ ਰਾਤ ਰਹਿੰਦੀ ਹੋਵੇ ਤਾਂ ਸੁੱਤਾ ਉੱਠੇ ਅਤੇ ਇਸ਼ਨਾਨ ਕਰ ਕੇ (ਉਪਦੇਸ਼ ਗੁਰੂ ਹਰਿ ਹਰਿ ਜਪ ਜਾਪੈ) ਗੁਰੂ ਦੇ ਉਪਦੇਸ਼ ਅਨੁਸਾਰ ਪੰਜ ਬਾਣੀਆਂ ਦਾ ਪਾਠ ਕਰੇ ਅਤੇ ਫਿਰ ਵਾਹਿਗੁਰੂ ਦਾ ਜਾਪ ਇਕ ਮਨ ਹੋ ਕੇ ਇਕਾਂਤ ਵਿਚ ਕਰ ਕੇ, ਫਿਰ ਗੁਰੂ ਘਰ ਆ ਕੇ ਕੀਰਤਨ ਸੁਣੇ। ਬਾਅਦ ਵਿਚ ਪ੍ਰਸ਼ਾਦ ਲੈ ਕੇ ਆਪਣੇ ਕਾਰੋਬਾਰ ਤੇ ਜਾਵੇ। ਇਹ ਨਿਤਨੇਮ ਕਰਨ ਵਾਲੇ ਹੀ ਅਸਲੀ ਗੁਰੂ ਕਾ ਸਿੱਖ ਹੈ। ਅਗਰ ਗੁਰੂ ਕੀ ਦੱਸੀ ਮਰਯਾਦਾ ਤੇ ਨਹੀਂ ਚਲਦਾ ਅਤੇ ਆਪਣੀ ਮਰਜ਼ੀ ਨਾਲ ਮਰਯਾਦਾ ਚਲਾਉਂਦਾ ਹੈ ਤਾਂ ਉਹ ਗੁਰੂ ਕਾ ਦੋਖੀ ਹੈ ਅਤੇ ਆਪਣੀ ਮਰਜ਼ੀ ਕਰਨ ਵਾਲੇ ਕਦੇ ਵੀ ਜ਼ਿੰਦਗੀ ਵਿਚ ਕਾਮਯਾਬ ਨਹੀਂ ਹੁੰਦਾ।

ਬੇਨਤੀ ਹੈ ਕਿ ਦਾਸ ਨੇ ਬਹੁਤ ਸਾਰੇ ਲੇਖ ਅਤੇ ਆਰਟੀਕਲ ਜੋ ਕਿ ਅੰਮ੍ਰਿਤ ਕੀਰਤਨ ਵਿਚ ਛਪ ਚੁੱਕੇ ਹਨ ਅਤੇ ਕੁਛ ਲੇਖ ਐਸੇ ਹਨ ਜੋ ਹਾਲੇ ਤਕ ਕਿਸੇ ਵੀ ਪਰਚੇ ਵਿਚ ਨਹੀਂ ਛਪੇ ਅਤੇ ਮੈਂ ਚਾਹੁੰਦਾ ਹਾਂ ਕਿ ਮੈਂ ਆਪਣੇ ਲੇਖਾਂ ਨੂੰ ਇਕ ਪੁਸਤਕ ਦਾ ਰੂਪ ਦੇ ਦਿਆਂ, ਪਰ ਮੇਰੀ ਆਰਥਿਕ ਸਥਿਤੀ ਮੈਨੂੰ ਇਜਾਜ਼ਤ ਨਹੀਂ ਦਿੰਦੀ ਕਿ ਮੈਂ ਪੁਸਤਕ ਛਪਾ ਸਕਾਂ।

ਮੇਰੇ ਲੇਖਾਂ ਦੇ ਸਿਰਲੇਖ ਇਸ ਤਰ੍ਹਾਂ ਹਨ : 1) ਸ਼ਬਦ ਗੁਰੂ, 2) ਮਨੁਖਤਾ ਦਾ ਗੁਰੂ ਗੁਰੂ ਗ੍ਰੰਥ ਸਾਹਿਬ, 3) ਗੁਰੂ ਗ੍ਰੰਥ ਸਾਹਿਬ ਪ੍ਰਤੱਖ ਸ਼ਕਤੀ, 4) ਰਾਗ ਮਾਲਾ, 5) ਰਾਮ ਕਵਚ, 6) ਪਾਸੰਗ ਪਾਪ ਨ ਪੁਜਨੀ, 7) ਸੀਸ ਦੀਆਂ ਪਰ ਸਿਰਰ ਨ ਦੀਆ, 8) ਕੀਰਤਨ ਦੀ ਮਹਾਨਤਾ, 9) ਅੰਮ੍ਰਿਤ ਵੇਲਾ, 10) ਕੀਰਤਨ ਅਤੇ ਸੁਰ ਸੰਗੀਤ, 11) ਭਲੋ ਭਲੋ ਰੇ ਕੀਰਤਨੀਆ, 12) ਰਾਗ ਅਤੇ ਰੁਤ-6 ਭਾਗਾਂ ਵਿਚ, 13) ਸਰਗੁਣ ਪ੍ਰਮੇਸ਼ਰ, 14) ਛੋਡ ਮਾਇਆ ਕੇ ਧੰਧ ਸੁਆਉ, 15) ਸਿਮਰਨ, 16) ਨਿਤਨੇਮ, 17) ਮੁਗਲ ਬਾਦਸ਼ਾਹ ਤੇ ਦਸ ਗੁਰੂ ਸਾਹਿਬਾਨ।

ਇਸ ਤੋਂ ਇਲਾਵਾ ਕੁਝ ਕਵਿਤਾਵਾਂ ਹਨ। ਇਕ ਪੁਸਤਕ ਉਹਨਾਂ ਦੀ ਵੀ ਬਣ ਸਕਦੀ ਹੈ, ਸੋ ਇਸ ਲਈ ਸਭ ਪਾਠਕ ਸੱਜਣਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਜੇ ਕਰ ਕੋਈ ਸੱਜਣ ਉਪਰਾਲਾ ਕਰ ਕੇ ਮੇਰੀਆਂ ਇਹ ਪੁਸਤਕਾਂ ਛਪਵਾ ਦੇਵੇਗਾ ਤਾਂ ਬਹੁਤ ਸਾਰੇ ਗੁਰਸਿੱਖਾਂ ਨੂੰ ਅਤੇ ਮਨੁੱਖਤਾ ਨੂੰ ਅਤੇ ਗੁਰੂ ਪ੍ਰੇਮੀਆਂ ਨੂੰ ਲਾਭ ਹੋਵੇਗਾ। ਮੈਂ ਉਹਨਾਂ ਸੱਜਣਾਂ ਦਾ ਤਹਿ ਦਿਲ ਤੋਂ ਸ਼ੁਕਰ ਗੁਜ਼ਾਰ ਹੋਵਾਂਗਾ ਤੇ ਧੰਨਵਾਦੀ ਹੋਵਾਂਗਾ। ਜੇਕਰ ਕੁਝ ਸੱਜਣ ਕੋਈ ਐਡ ਦੇ ਕੇ ਸਪੌਂਸਰ ਕਰ ਸਕਣ ਤਾਂ ਵੀ ਕਾਰਜ ਹੋ ਸਕਦਾ ਹੈ। ਵੈਸੇ ਪੰਥ ਰਤਨ ਗਿ: ਸੰਤ ਸਿੰਘ ਮਸਕੀਨ ਸਾਹਿਬ ਜੀ ਨੇ ਮੈਨੂੰ ਭਰੋਸਾ ਦਿੱਤਾ ਸੀ ਕਿ ਅਸੀਂ ਤੇਰੀ ਕਿਤਾਬ ਛਪਵਾ ਦਿਆਂਗੇ। ਪਰ ਉਹ ਆਪ ਹੀ ਸਾਨੂੰ ਛੱਡ ਕੇ ਚਲੇ ਗਏ ਤੇ ਮੇਰਾ ਸੁਪਨਾ ਟੁੱਟ ਗਿਆ, ਅਗਰ ਛਪ ਜਾਂਦੇ ਤਾਂ ਬਹੁਤ ਸਾਰੇ ਪਾਠਕਾਂ ਨੂੰ ਗੁਰਮਤਿ ਦਾ ਗਿਆਨ ਹੋਣਾ ਸੀ, ਸੋ ਹੁਣ ਅਗਰ ਕੋਈ ਸੱਜਣ ਉਪਰਾਲਾ ਕਰ ਕੇ ਇਹ ਕਾਰਜ ਕਰ ਦੇਵੇ ਤਾਂ ਉਸ ਨੂੰ ਗੁਰੂ ਕੀ ਖੁਸ਼ੀ ਪ੍ਰਾਪਤ ਹੋਵੇਗੀ।

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ-1410008 ਮੋ : 9780708747

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਗੁਰਮਤਿ ਸੰਗੀਤ ਦੇ ਸਰਵਪੱਖੀ ਪ੍ਰਚਾਰ ਲਈ ਪਿਛਲੇ ਚਾਰ ਦਹਾਕਿਆਂ ਤੋਂ ਕਾਰਜਸ਼ੀਲ

# ਤਿਆਗ ਦੀ ਸਾਕਾਰ ਮੂਰਤ ਸੰਗੀਤ ਨਾਟਕ ਅਕੈਡਮੀ ਪੁਰਸਕਾਰ ਵਿਜੇਤਾ ਸ਼੍ਰੋਮਣੀ ਰਾਗੀ : ਡਾ. ਜਾਗੀਰ ਸਿੰਘ

**ਡਾ. ਕੰਵਲਜੀਤ ਸਿੰਘ**



ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਸਮੁੱਚਾ ਜੀਵਨ ਲਾ ਦੇਣ ਦੇ ਨਾਲ ਨਾਲ ਆਪਣੀ ਕਿਰਤ ਕਮਾਈ ਚੋਂ ਹਰ ਮਹੀਨੇ ਯੋਗਦਾਨ ਪਾ ਕੇ 1989 ਤੋਂ ਨਿਰੰਤਰ ਗੁਰਮਤਿ ਸੰਗੀਤ ਦੇ ਪਹਿਲਾ ਮਾਸਿਕ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦੇ ਨਿਰੰਤਰ ਪ੍ਰਕਾਸ਼ਨ ਤੇ ਵਿਸ਼ਵ ਵਿਆਪੀ ਵਿਤਰਣ ਨੂੰ ਸੰਭਵ ਬਨਾਉਣ ਵਾਲੀ ਪੂਰਨ ਸਿੱਖੀ ਸਰੂਪ ਦੀ ਧਾਰਣੀ ਸ਼ਖਸੀਅਤ ਡਾ. ਜਾਗੀਰ ਸਿੰਘ ਦੇ ਨਾਂ ਤੋਂ ਵਿਸ਼ਵਭਰ ਦਾ ਹਰ ਗੁਰਮਤਿ ਸੰਗੀਤ ਪ੍ਰੇਮੀ ਵਾਕਫ ਹੈ।

ਡਾ. ਜਾਗੀਰ ਸਿੰਘ ਨੇ ਅਜੋਕੇ ਸਮੇਂ ਦੇ ਕੀਰਤਨੀਆਂ ਵਿਚ ਨਿਸ਼ਕਾਮ ਕੀਰਤਨ, ਭਾਵਨਾ ਤੇ ਭਾਵ ਪ੍ਰਦਾਨ ਸ਼ਬਦ ਕੀਰਤਨ ਅਤੇ ਇਸ ਦੇ ਪ੍ਰਚਾਰ ਪਰਸਾਰ ਵਿਚ ਤਹਿ ਦਿਲੋਂ ਕਾਰਜ ਕਰਨ ਦੀ ਪ੍ਰੇਰਣਾਂ ਦੀ ਉਦਾਹਰਣ ਪ੍ਰਸਤੁਤ ਕੀਤੀ ਹੈ।

ਉਚ ਸਿਖਿਆ ਪ੍ਰਾਪਤ ਕਰਕੇ ਉਚ ਔਹਦਿਆਂ 'ਤੇ ਬਿਰਾਜਮਾਨ ਹੁੰਦਿਆਂ ਹੋਇਆਂ ਵੀ ਡਾ. ਜਾਗੀਰ ਸਿੰਘ ਨੇ ਹਉਮੈ ਨੂੰ ਆਪਣੇ ਨੇੜੇ ਨਹੀਂ ਆਉਣ ਦਿੱਤਾ। ਵਿਸ਼ਵਭਰ ਵਿਚ ਗੁਰਮਤਿ ਸੰਗੀਤ ਦੇ ਪ੍ਰਚਾਰ ਪਰਸਾਰ ਲਈ ਪਹਿਲਾ ਮੈਗਜ਼ੀਨ, ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਦੇ ਪ੍ਰਚਾਰ ਲਈ ਗੁਰਮਤਿ ਸੰਗੀਤ ਦੇ ਮੌਲਿਕ ਤੇ ਟਕਸਾਲੀ ਸਰੂਪ ਦੀ ਜਾਣਕਾਰੀ ਦੇਣ ਵਾਲੀ ਪਹਿਲੀ ਇੰਟਰਨੈਟ ਸਾਈਟ 'www.amritkirtan.com', ਗੁਰਬਾਣੀ ਤੇ ਗੁਰਮਤਿ ਸੰਗੀਤ ਦਾ ਅਧਿਐਨ ਤੇ ਪੀ-ਐਚ. ਡੀ. ਦੀ ਡਿਗਰੀ ਇਹ ਸਭ ਕੁਝ ਡਾ. ਜਾਗੀਰ ਸਿੰਘ ਦੇ ਹਿੱਸੇ ਆਇਆ ਹੈ। ਗੁਰਮਤਿ ਸੰਗੀਤ ਦੀ ਦਾਤ ਆਪ ਨੂੰ ਪਰਵਾਰ ਵਿਚੋਂ ਪ੍ਰਾਪਤ ਹੋਈ। ਆਪ ਨੇ ਮੁਢੱਲੀ ਸਿੱਖਿਆ ਆਪਣੇ ਪਿਤਾ ਜੀ ਸ਼੍ਰੋਮਣੀ ਰਾਗੀ ਭਾਈ ਉੱਤਮ ਸਿੰਘ ਜੀ ਤੋਂ ਪ੍ਰਾਪਤ ਕੀਤੀ ਆਪ ਦੇ ਦੋ ਛੋਟੇ ਭਰਾਤਾ ਹਨ, ਡਾ. ਬਚਿੱਤਰ ਸਿੰਘ ਏ. ਐਸ.ਕਾਲਜ ਖੰਨਾ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਅਤੇ ਡਾ. ਗੁਰਨਾਮ ਸਿੰਘ ਵਰਤਮਾਨ ਸਮੇਂ ਗੁਰਮਤਿ ਸੰਗੀਤ ਦੇ ਪ੍ਰਚਾਰ ਪਰਸਾਰ ਵਿਚ ਅਣਥਕ ਯਤਨ ਕਰ ਰਹੇ ਹਨ। ਇਸ ਪਰਵਾਰ ਦੇ ਯਤਨਾਂ ਸਦਕਾ ਹੀ ਗੁਰਮਤਿ ਸੰਗੀਤ ਅੱਜ ਵਿਸ਼ਵਭਰ ਵਿਚ ਇਕ ਮੌਲਿਕ ਵਿਸ਼ੇ ਵਜੋਂ ਪ੍ਰਫੁੱਲਤ ਹੋ ਰਿਹਾ ਹੈ।

ਡਾ. ਜਾਗੀਰ ਸਿੰਘ ਨੇ ਪੰਜਾਬ ਸਕੂਲ ਸਿਖਿਆ ਬੋਰਡ ਤੋਂ ਡਿਪਟੀ ਡਾਇਰੈਕਟਰ ਵਜੋਂ ਕਾਰਜ

ਕਰਨ ਉਪਰੰਤ ਗੁਰਮਤਿ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪ੍ਰੋਫੈਸਰ ਮੁਖੀ ਵਜੋਂ ਕਾਰਜ ਕਰਦਿਆਂ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਵਿਚ ਆਪਣਾ ਯੋਗਦਾਨ ਪਾਇਆ ਹੈ। ਆਪ ਨੇ ਪੰਜਾਬ ਸਕੂਲ ਸਿਖਿਆ ਬੋਰਡ ਦੇ ਵਿਸ਼ਾ ਮਾਹਿਰ ਹੁੰਦਿਆਂ ਸੰਗੀਤ ਤੇ ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਤੀ ਲਈ ਸ਼ਲਾਘਾਯੋਗ ਕਾਰਜ ਕੀਤੇ ਹਨ।

ਡਾ. ਜਾਗੀਰ ਸਿੰਘ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 'ਦ ਰਿਲੇਸ਼ਨ ਆਫ ਗੁਰੂ ਨਾਨਕ ਪੋਅਟਰੀ ਵਿਦ ਮਿਊਜ਼ਿਕ' ਵਿਸ਼ੇ 'ਤੇ ਪੀ-ਐਚ. ਡੀ. ਕਰ ਕੇ ਗੁਰਮਤਿ ਦੇ ਜਿਗਿਆਸੂਆ ਤੇ ਖੋਜਾਰਥੀਆ ਲਈ ਖੋਜ ਦਾ ਰਾਹ ਰੁਸ਼ਨਾਇਆ ਹੈ।

ਡਾ. ਜਾਗੀਰ ਸਿੰਘ ਨੇ ਧਰਮ ਅਧਿਐਨ ਅਤੇ ਸੰਗੀਤ ਵਿਚ ਐਮ. ਏ. ਦੀ ਡਿਗਰੀ ਪ੍ਰਾਪਤ ਕੀਤੀ। ਸੰਗੀਤ ਦੀ ਐਮ. ਏ. ਵਿਚ ਆਪ ਨੂੰ ਗੋਲਡ ਮੈਡਲ ਪ੍ਰਾਪਤ ਹੋਇਆ। ਇਸ ਦੇ ਨਾਲ ਹੀ ਆਪ ਨੇ ਭਾਸ਼ਾ ਦਾ ਗਿਆਨ ਪ੍ਰਾਪਤ ਕਰਦਿਆਂ ਪੰਜਾਬੀ ਵਿਚ ਗਿਆਨੀ ਅਤੇ ਹਿੰਦੀ ਭਾਸ਼ਾ ਲਈ ਪ੍ਰਭਾਕਰ ਦੀ ਡਿਗਰੀ ਪ੍ਰਾਪਤ ਕੀਤੀ। ਇਸ ਤਰ੍ਹਾਂ ਡਾ. ਜਾਗੀਰ ਸਿੰਘ ਕੋਲ ਭਾਸ਼ਾ, ਗੁਰਮਤਿ ਅਤੇ ਸੰਗੀਤ ਦਾ ਅਥਾਹ ਭੰਡਾਰ ਇਕੱਠਾ ਹੋਇਆ ਜਿਸਦੇ ਸਿੱਟੇ ਵਜੋਂ ਆਪ ਨੇ ਸਿੱਖੀ ਜੀਵਨ ਦੇ ਹਰ ਪੱਧਰ 'ਤੇ ਗੁਰਮਤਿ ਸੰਗੀਤ ਦੇ ਪ੍ਰਚਾਰ ਪਰਸਾਰ ਵਿਚ ਉੱਘਾ ਯੋਗਦਾਨ ਪਾਇਆ ਹੈ।

ਪੜ੍ਹਾਈ ਉਪਰੰਤ ਡਾ. ਜਾਗੀਰ ਸਿੰਘ ਨੇ ਵਿਭਿੰਨ ਔਹਦਿਆਂ 'ਤੇ ਰਹਿੰਦਿਆਂ ਸਮਾਜ ਨੂੰ ਸੇਧਾਂ ਦਿਤੀਆਂ,ਜਿਨਾਂ ਵਿਚੋਂ ਡਿਪਟੀ ਡਾਇਰੈਕਟਰ, ਪੰਜਾਬੀ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ, ਪੰਜਾਬ ਸਕੂਲ ਸਿਖਿਆ ਬੋਰਡ, ਮੋਹਾਲੀ, ਚੰਗੀਗੜ੍ਹ (2005-07), ਡਿਪਟੀ ਡਾਇਰੈਕਟਰ ਅਕੈਡਮਿਕ ਬ੍ਰਾਂਚ, ਪੰਜਾਬ ਸਕੂਲ ਸਿਖਿਆ ਬੋਰਡ (2004-05), ਡਿਪਟੀ ਡਾਇਰੈਕਟਰ, ਕੁਆਲਿਟੀ ਐਜੂਕੇਸ਼ਨ ਐਂਡ ਫੀਲਡ-ਪ੍ਰੋਗਰਾਮ, ਪੰਜਾਬ ਸਕੂਲ ਸਿਖਿਆ ਬੋਰਡ (2003-04), ਵਿਸ਼ਾ ਮਾਹਿਰ ਪੰਜਾਬੀ ਰਿਸਰਚ ਐਂਡ ਡਿਵੈਲਪਮੈਂਟ ਸੈਂਟਰ, ਪੰਜਾਬ ਸਕੂਲ ਸਿਖਿਆ ਬੋਰਡ (1976-2003), ਲੈਕਚਰਾਰ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਜ(1974-76)

ਮੈਂਬਰ ਸਬਜੈਕਟ ਕਮੇਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮੈਂਬਰ ਐਡਵਾਇਸਰੀ ਬੋਰਡ ਭਾਸ਼ਾ ਵਿਭਾਗ ਪੰਜਾਬ, ਮੈਂਬਰ ਐਡਵਾਇਸਰੀ ਬੋਰਡ, ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੈਂਬਰ ਮਧਪ੍ਰਦੇਸ਼ ਪੰਜਾਬੀ ਅਕੈਡਮੀ ਭੁਪਾਲ, ਫੈਲੋਸ਼ਿਪ ਐਮਰਿਟਸ, ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ; ਮੈਂਬਰ ਐਡਵਾਇਸਰੀ ਬੋਰਡ, ਪੰਜਾਬ ਐਂਡ ਸਿੰਧ ਬੈਂਕ ਡਿਵੋਸ਼ਨਲ ਮਿਊਜ਼ਿਕ ਆਰਕਾਈਵਜ਼, ਜਲੰਧਰ; ਮੈਂਬਰ, ਕੀਰਤਨ ਸਬ-ਕਮੇਟੀ, ਐਸ.ਜੀ.ਪੀ.ਸੀ., ਅੰਮ੍ਰਿਤਸਰ ਵਰਨਣਯੋਗ ਹਨ।

ਡਾ. ਜਾਗੀਰ ਸਿੰਘ ਨੂੰ ਉਨਾਂ ਦੀਆਂ ਸੇਵਾਵਾਂ ਤੇ ਤਿਆਗ ਦੇ ਸਨਮਾਨ ਵਜੋਂ ਅਨੇਕਾਂ ਸੰਸਥਾਂਵਾਂ 'ਤੇ ਸਰਕਾਰੀ ਵਿਭਾਗਾਂ ਨੇ ਸਨਮਾਣਿਤ ਕੀਤਾ ਹੈ ਜਿਨਾਂ ਵਿਚੋਂ ਸੰਗੀਤ ਨਾਟਕ ਅਕੈਡਮੀ ਦਿੱਲੀ ਦੇ ਰਾਸ਼ਟਰੀ ਪੁਰਸਕਾਰ

ਪੰਜਾਬ ਸਰਕਾਰ ਵਲੋਂ ਸ਼੍ਰੋਮਣੀ ਰਾਗੀ ਐਵਾਰਡ, 2004 ਵਿਚ ਗੁਰੂ ਨਾਨਕ ਬਾਣੀ ਵਿਚ

ਮਾਇਆ ਦਾ ਸੰਕਲਪ ਪੁਸਤਕ ਲਈ ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ, ਪ੍ਰਥਮ ਪੁਰਸਕਾਰ; ਪੰਜਾਬ ਸਕੂਲ ਸਿਖਿਆ ਬੋਰਡ ਵਲੋਂ 'ਐਕਸਟ੍ਰਾਔਰਡੀਨੇਰੀ ਅਚੀਵਮੈਂਟ'; 2003 ਵਿਚ ਸੰਗੀਤ ਨਾਟਕ ਅਕੈਡਮੀ ਦਿੱਲੀ ਵਲੋਂ ਨੈਸ਼ਨਲ ਐਵਾਰਡ; 2002 ਵਿਚ ਜਵੱਦੀ ਟਕਸਾਲ ਲੁਧਿਆਣਾ ਵਲੋਂ ਗੁਰਮਤਿ ਸੰਗੀਤ ਐਵਾਰਡ, 2002 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਮੈਰੀਟੋਰੀਅਸ ਵਰਕ ਲਈ ਗੋਲਡ ਮੈਡਲ, 2000 ਵਿੱਚ ਸਿੱਖ ਐਜੂਕੇਸ਼ਨ ਸੋਸਾਇਟੀਵ ਚੰਡੀਗੜ੍ਹ ਵਲੋਂ ਸ਼੍ਰੋਮਣੀ ਰਾਗੀ ਐਵਾਰਡ, 1998 ਵਿਚ ਪੰਜਾਬੀ ਸਾਹਿਤ ਕਲਾ ਸੰਗਮ, ਦਿੱਲੀ, ਭਾਈ ਸੁਧ ਸਿੰਘ ਪ੍ਰਧਾਨ ਸਿੰਘ ਐਵਾਰਡ; 1995 ਵਿਚ ਭਾਈ ਗੰਗਾ ਸਿੰਘ ਸਭਾ, ਤਹਿਰਾਨ, ਈਰਾਨ ਵਲੋਂ ਸਨਮਾਨ ਪੱਤਰ; 1993 ਸ਼ਹੀਦ ਮੈਮੋਰੀਅਲ ਸਰਵਿਸ ਸੋਸਾਇਟੀ, ਲੁਧਿਆਣਾ ਵਲੋਂ ਸਨਮਾਨ ਪੱਤਰ; ਅਕੈਡਮੀ ਆਫ ਸਿੱਖ ਰੀਲੀਜਨ ਐਂਡ ਕਲਚਰ, ਪਟਿਆਲਾ ਵਲੋਂ ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ ਐਵਾਰਡ; 1992 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਵਲੋਂ ਸਨਮਾਨ ਪੱਤਰ; ਸ੍ਰੀ ਗੁਰੂ ਅਰਜਨ ਸਾਹਿਬ ਸੁਖਮਣੀ ਸੋਸਾਇਟੀ, ਨਵੀਂ ਦਿੱਲੀ ਵਲੋਂ ਅਭਿਨੰਦਨ ਪੱਤਰ; ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਵਲੋਂ ਪ੍ਰੋਫੈਸਰ ਤਾਰਾ ਸਿੰਘ ਐਵਾਰਡ; 1988 ਵਿਚ ਪੰਜਾਬ ਭਾਸ਼ਾ ਵਿਭਾਗ, ਪਟਿਆਲਾ ਵਲੋਂ ਸ਼੍ਰੋਮਣੀ ਰਾਗੀ ਐਵਾਰਡ; 1987 ਵਿਚ ਚੀਫ ਖ਼ਾਲਸਾ ਦੀਵਾਨ, ਅੰਮ੍ਰਿਤਸਰ ਵਲੋਂ ਰਾਗੀ ਭਾਈ ਸੰਤਾ ਸਿੰਘ ਐਵਾਰਡ; 1985 ਵਿਚ ਰਾਮਗੜ੍ਹੀਆ ਗਰਲਜ਼ ਕਾਲਜ, ਲੁਧਿਆਣਾ ਵਲੋਂ ਮੈਰੀਟੋਰੀਅਸ ਸਰਵਿਸਜ਼ ਲਈ ਐਵਾਰਡ ਪ੍ਰਮੁੱਖ ਹਨ।

ਡਾ. ਜਾਗੀਰ ਸਿੰਘ ਦੁਆਰਾ ਕੀਤੀਆ ਗਈਆਂ ਪ੍ਰਕਾਸ਼ਨਾਵਾਂ ਵਿਚੋਂ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵਲੋਂ ਗੁਰੂ ਨਾਨਕ ਦੇਵ ਜੀ ਤੇ ਸੰਗੀਤ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਗੁਰੂ ਨਾਨਕ ਬਾਣੀ ਵਿਚ ਮਾਇਆ ਦਾ ਸੰਕਲਪ; ਪੰਜਾਬੀ ਪਬਲੀਕੇਸ਼ਨ, ਪਟਿਆਲਾ ਵਲੋਂ ਫਰੀਦ ਬਾਣੀ ਸੰਗੀਤਕ ਪਰਿਪੇਖ ਅਤੇ ਕਾਵਿ ਅਤੇ ਸੰਗੀਤ; ਪਵਿਤਰ ਪ੍ਰਮਾਨਿਕ ਪ੍ਰਕਾਸ਼ਨ ਪਟਿਆਲਾ ਵਲੋਂ ਗੁਰਮਤਿ ਮੀਮਾਂਸਾ; ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਵਲੋਂ ਦਾਦਾ ਪੋਤਾ; ਪੰਜਾਬ ਸਕੂਲ ਸਿਖਿਆ ਬੋਰਡ, ਮੁਹਾਲੀ ਵਲੋਂ ਸਹਿ-ਲੇਖਕ ਵਜੋਂ ਅਜੋਕੀ ਪੰਜਾਬੀ ਦਾ ਵਿਆਕਰਣ ਅਤੇ ਲੇਖ ਰਚਨਾ ਵਿਸ਼ੇਸ਼ ਵਰਨਣਯੋਗ ਹਨ।

ਆਪ ਨੇ ਰਾਸ਼ਟਰੀ ਸੰਗੀਤ ਨਾਟਕ ਅਕੈਡਮੀ, ਦਿੱਲੀ ਦੇ ਆਕਾਈਵਜ਼ ਲਈ ਨਿੱਜੀ ਇੰਟਰਵੀਊ ਸਹਿਤ ਸ਼ਬਦ ਕੀਰਤਨ ਰਿਕਾਰਡਿੰਗ, ਰਾਗਾਤਮਕ ਸ਼ਬਦ ਕੀਰਤਨ ਦੀਆ 15 ਤੋਂ ਵੱਧ ਕੈਸਟਾਂ, ਹੋਲਾ-ਮੁਹੱਲਾ ਤੇ ਨਿਹੰਗ ਸਿੰਘ ਜੀ ਟੈਲੀਫਿਲਮਾਂ ਲਈ ਸੰਗੀਤ ਨਿਰਦੇਸ਼ਨ ਤੇ ਪਿਠਵਰਤੀ ਗਾਇਨ, 1999 ਵਿਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਪ੍ਰੋਗਰਾਮ ਲਈ ਰਾਗਾਤਮਕ ਸ਼ਬਦ ਕੀਰਤਨ ਗਾਇਨ ਗੁਰਮਤਿ ਸੰਗੀਤ ਦੀ ਝੋਲੀ ਵਿਚ ਪਾਇਆ ਹੈ।

ਡਾ. ਜਾਗੀਰ ਸਿੰਘ ਦੁਆਰਾ ਅੰਤਰ ਰਾਸ਼ਟਰੀ ਪੱਧਰ 'ਤੇ ਸ਼ਬਦ ਕੀਰਤਨ ਪ੍ਰਸਤੁਤੀਆਂ ਕਰਦਿਆਂ ਨਿਊ ਯਾਰਕ, ਮੈਰੀਲੈਂਡ, ਲਾਸ ਐਂਜਲਸ, ਸੈਨ ਐਨਟੋਨੀਓ, ਬਾਲਟੀਮੋਰ, ਲੰਡਨ, ਕਵੈਂਟਰੀ, ਮਾਨਚੈਸਟਰ, ਬ੍ਰੀਮਿੰਗਮ, ਅਮਸਟਰਡਮ, ਕੁਵੈਤ, ਤਹਿਰਾਨ, ਔਕਲੈਂਡ, ਸਿਡਨੀ, ਪਰਥ, ਐਡਲੇਡੇ, ਬ੍ਰਿਜ਼ਬੈਨ,

ਅੰਮ੍ਰਿਤਸਰ, ਭੋਪਾਲ, ਚੰਡੀਗੜ੍ਹ, ਦਿੱਲੀ, ਜੈਪੁਰ, ਕੋਲਕਾਤਾ, ਲਖਨਊ, ਮੁੰਬਈ, ਪਟਨਾ, ਸ਼ਿਮਲਾ, ਸਿਕੰਦਰਾਬਾਦ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ ਹੈ।

ਆਪ ਦੁਆਰਾ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਤੋਂ ਸ਼ਬਦ ਕੀਰਤਨ ਅਤੇ ਸੰਗੀਤ, ਗੁਰਮਤਿ ਸੰਗੀਤ ਸਬੰਧੀ ਚਰਚਾਵਾਂ, ਐਡੀਟਰ ਮਹੀਨੇਵਾਰ ਮੈਗਜ਼ੀਨ ਅੰਮ੍ਰਿਤ ਕੀਰਤਨ, 1989 ਤੋਂ ਨਿਰੰਤਰ

ਐਡੀਟਰ, ਪੰਜਾਬ ਸਕੂਲ ਸਿਖਿਆ ਬੋਰਡ ਮੁਹਾਲੀ ਵਲੋਂ ਪ੍ਰਕਾਸ਼ਿਤ ਖ਼ਾਲਸਾ ਸੰਦਰਭ ਕੋਸ਼,

ਪੰਜਾਬ ਸਕੂਲ ਸਿਖਿਆ ਬੋਰਡ, ਮੁਹਾਲੀ ਵਲੋਂ ਪ੍ਰਕਾਸ਼ਿਤ ਮੈਟ੍ਰਿਕ ਅਤੇ ਪਲੱਸ ਟੂ ਲਈ ਸੰਗੀਤ ਗਾਇਨ, ਸੰਗੀਤ ਵਾਦਨ ਅਤੇ ਤਬਲਾ ਵਿਸ਼ੇ ਦੀਆਂ ਅੱਠ ਪੁਸਤਕਾਂ ਲਈ ਕੋ-ਐਡੀਟਰ ਵਜੋਂ ਕਾਰਜ ਕਰਦਿਆਂ ਸਿੱਖ ਕੌਮ ਦੀ ਬਹੁਮੁੱਲੀ ਧਰੋਹਰ ਦੇ ਪ੍ਰਚਾਰ ਵਿਚ ਆਪਣਾ ਯੋਗਦਾਨ ਪਾਇਆ ਹੈ।

